
# ਅੰਮ੍ਰਿਤ ਕੀਰਤਨ

## AMRIT KIRTAN

## अमृत कीर्तन





ਪ੍ਰਵੇਸ਼ ਅੰਕ
ਜੂਨ, 1989



ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹੀਦੀ ਦਿਵਸ ਤੇ

## ਗੁਰੂ ਅਰਜਨ ਦੇਵ ਜੀ ਦੀ ਭਾਰਤੀ ਸੰਗੀਤ ਨੂੰ ਦੇਣ

ਸ੍ਰੀ. ਯੋਗੇਂਦਰਪਾਲ ਸ਼ਰਮਾ ਪ੍ਰੋ. ਬਚਿੱਤਰ ਸਿੰਘ

ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈ: ਨੂੰ ਗੋਇੰਦਵਾਲ ਵਿੱਖੇ ਹੋਇ-ਆ। ਆਪ ਸਿੱਖਾਂ ਦੇ ਚੌਥੇ ਗੁਰੂ ਰਾਮਦਾਸ ਜੀ ਦੇ ਪੁੱਤਰ ਸਨ। ਇਸ ਕਰਕੇ ਆਪ ਦਾ ਪਾਲਣ ਪੋਸਣ ਪੂਰਣ ਸਿੱਖ ਮਰਯਾਦਾ ਅਨੁਸਾਰ ਇਸੇ ਮਾਹੌਲ ਵਿੱਚ ਹੋਇਆ। ਗੁਰੂ ਅਰਜਨ ਦੇਵ ਅਸਾ-ਧਾਰਣ ਪ੍ਰਤਿਭਾ ਦੇ ਮਾਲਕ ਅਤੇ ਗੰਭੀਰ ਵਿਚਾਰਾਂ ਦੇ ਧਾਰਣੀ ਸਨ। ਆਪ ਦੀ ਪ੍ਰਤਿਭਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਰਾਮਦਾਸ ਜੀ ਨੇ ਸੰਨ 1581 ਈ. ਨੂੰ ਆਪ ਨੂੰ ਗੁਰ ਗੱਦੀ ਦਾ ਵਾਰਸ ਬਣਾਇਆ।

ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਹੋਏ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਪਰੰਪਰਾ ਦਾ ਘੋਖਵਾਂ ਅਧਿਐਨ ਕੀਤਾ। ਉਹਨਾਂ ਨੇ ਜਿਥੇ ਕੀਰਤਨ ਦੀ ਪਰੰਪਰਾ ਦਾ ਉਤਸਾਹ ਨਾਲ ਪ੍ਰਚਾਰ ਕੀਤਾ ਉਥੇ ਉਹਨਾਂ ਕੀਰਤਨ ਨੂੰ ਇੱਕ ਨਵੀਂ ਦਿਸ਼ਾ ਵੀ ਪ੍ਰਦਾਨ ਕੀਤੀ। ਆਪ ਜੀ ਦੇ ਸਮੇਂ ਭਾਈ ਸੱਤਾ ਅਤੇ ਭਾਈ ਬਲਵੰਡ ਦੋ ਪ੍ਰਸਿਧ ਰਬਾਬੀ ਕੀਰਤਨ ਕਰਿਆ ਕਰਦੇ ਸਨ ਕਿਸੇ ਕਾਰਣ ਵੱਸ ਇਨ੍ਹਾਂ ਰਬਾਬੀਆਂ ਨੇ ਜਦੋਂ ਕੀਰਤਨ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਗੁਰੂ ਸਾਹਿਬ ਨੇ ਸਾਧਾਰਣ ਸਿੱਖ ਸੰਗਤ ਨੂੰ ਕੀਰਤਨ ਕਰਨ ਦਾ ਆਦੇਸ਼ ਦਿੱਤਾ। ਇਹੀ ਸਮਾਂ ਸੀ ਜਦੋਂ ਕੀਰਤਨ ਸਿੱਖ ਰਬਾਬੀਆਂ ਤੋਂ ਸਧਾਰਣ ਸਿੱਖ ਸੰਗਤ ਵਿੱਚ ਕਿਰਿਆਤਮਕ ਰੂਪ ਵਿੱਚ ਪ੍ਰਵੇਸ਼ ਹੋਇਆ। ਆਸਾ ਦੀ ਵਾਰ ਦਾ ਸੰਪੂਰਣ ਗਾਇਨ ਵੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਸ਼ੁਰੂ ਹੋਇਆ। ਇਸ ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਪੌੜੀਆਂ ਅਤੇ ਸਲੋਕ, ਗੁਰੂ ਅੰਗਦ ਦੇਵ ਜੀ ਦੇ ਸਲੋਕ ਅਤੇ ਗੁਰੂ ਰਾਮਦਾਸ ਜੀ ਦੇ ਛੰਤ, ਗਾਇਨ ਦਾ ਸੰਯੁਕਤ ਰੂਪ ਧਾਰਨ ਕਰਦੇ ਹਨ। ਇਹ ਬਾਣੀ ਸਵੇਰ ਵੇਲੇ ਗਾਈ ਜਾਂਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਅਧਿਆਤਮਕ ਜਗਤ ਨੂੰ ਹੀ ਨਹੀਂ ਸਗੋਂ ਕਲਾ ਜਗਤ ਨੂੰ ਵੀ ਮਹਾਨ ਦੇਣ ਦਿੱਤੀ। ਉਹਨਾਂ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਧਰਮਾਂ ਨੂੰ ਬਰਾਬਰ ਸਨਮਾਨ ਦਿੱਤਾ। ਉਨ੍ਹਾਂ ਨੇ ਭਗਤਾਂ ਅਤੇ ਸੰਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਆਧਾਰ ਰਾਗਾਤਮਕ ਸੀ। ਗੁਰੂ ਅਰਜਨ ਦੇਵ ਜੀ ਨੇ 44 ਰਾਗਾਂ ਵਿੱਚ ਬਾਣੀ ਦਾ ਉਚਾਰਣ ਕੀਤਾ। ਸਿਰੀ, ਮਾਝ, ਗੁਆਰੇਰੀ, ਗਉੜੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਲਵਾ, ਗਉੜੀ ਮਾਲਾ, ਆਸਾ, ਆਸਾ ਕਾਫੀ, ਆਸਾਵਰੀ ਆਦਿ।

ਗੁਰੂ ਅਰਜਨ ਦੇਵ ਨੇ ਵੱਖ ਵੱਖ ਕਾਵਿ ਸ਼ੈਲੀਆਂ ਵਿੱਚ ਬਾਣੀ ਰਚੀ। ਇਨ੍ਹਾਂ ਗਾਇਨ ਸ਼ੈਲੀਆਂ ਦੇ ਗਾਉਣ ਦਾ ਢੰਗ ਵੱਖੋ ਵੱਖਰਾ ਸੀ। ਪੜਤਾਲ ਗਾਇਕੀ ਨੂੰ ਵੀ ਆਪ ਨੇ ਪ੍ਰਚਾਰ ਵਿੱਚ ਲਿਆਂਦਾ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿੱਚ ਸੰਗੀਤ ਅਤੇ ਸੰਗੀਤਕ ਸ਼ਬਦਾਂ ਦਾ ਭਰਪੂਰ ਪ੍ਰਯੋਗ ਕੀਤਾ। ਉਨ੍ਹਾਂ ਦੀ ਬਾਣੀ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਸੰਗੀਤ ਸ਼ਾਸਤਰ ਦੇ ਪੂਰਣ ਗਿਆਤਾ ਸਨ।

---

ਡਾ. ਜਾਗੀਰ ਸਿੰਘ, ਪ੍ਰਿੰਟਰ ਤੇ ਪਬਲਿਸ਼ਰ ਨੇ ਰਿਧੀ ਪ੍ਰਿੰਟਿੰਗ ਪ੍ਰੈਸ ਐਸ.ਸੀ. ਐਫ 42, ਫੇਜ਼ 5, ਮੁਹਾਲੀ ਤੋਂ ਛਪਵਾ ਕੇ ਅੰਮ੍ਰਿਤ ਕੀਰਤਨ ਟ੍ਰਸਟ (ਰਜਿ.) ਲਈ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# ਅੰਮ੍ਰਿਤ ਕੀਰਤਨ

## अमृत कीर्तन Amrit Kirtan

ਪ੍ਰਵੇਸ਼ ਅੰਕ | ਜੂਨ 1989 | ਅੰਕ ਪਹਿਲਾ

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਡਾ. ਸਤੀਸ਼ ਮੈਨਨ
ਸ: ਕੁਲਦੀਪ ਸਿੰਘ

ਚਿੱਠੀ ਪੱਤਰ ਲਈ ਪਤਾ :
**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ - 160015
ਫੋਨ : 24660

### ਚੰਦੇ ਦਾ ਵੇਰਵਾ

ਇੱਕ ਕਾਪੀ : 5 ਰੁਪਏ

**ਦੇਸ਼ :**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼ :**

| | |
|---|---|
| ਸਲਾਨਾ | 500 ਰੁਪਏ |
| ਜੀਵਨ ਮੈਂਬਰ | 5000 ਰੁਪਏ |

## ਵਿਸ਼ਾ ਸੂਚੀ

ਵਿਸ਼ੇਸ਼ : ਸ੍ਰੀ ਗੁਰੂ ਅਰਜਨ ਦੇਵ ਜੀ ਦੀ ਭਾਰਤੀ ਸੰਗੀਤ ਨੂੰ ਦੇਣ ਸ੍ਰੀ ਯੋਗੇਂਦਰ ਪਾਲ ਸ਼ਰਮਾ ਪ੍ਰੋ: ਬਚਿੱਤਰ ਸਿੰਘ

| | | |
|---|---|---|
| 1. | ਕਰਉ ਬੇਨੰਤੀਆਂ ਸੰਪਾਦਕ | 2 |
| 2. | ਰਾਗੀ ਢਾਡੀ — ਡਾ ਭਾਈ ਵੀਰ ਸਿੰਘ | 4 |
| 3. | ਏਹੁ ਅੰਤੁ ਨ ਜਾਣੈ ਕੋਇ — ਪ੍ਰਿੰਸੀਪਲ ਹਰਭਜਨ ਸਿੰਘ | 7 |
| 4. | ਰਾਗ ਸ੍ਰੀ ਪ੍ਰੋ ਗੁਰਨਾਮ ਸਿੰਘ | 12 |
| 5. | ਸ਼ਬਦ ਸੰਗੀਤ ਲਿਪੀ — ਭਾਈ ਅਵਤਾਰ ਸਿੰਘ — ਭਾਈ ਗੁਰਚਰਨ ਸਿੰਘ | 14 |
| 6 | ਹਾਰਮੋਨੀਅਮ — ਸੰਤ ਸਰਵਣ ਸਿੰਘ ਡੁਮੇਲੀ ਵਾਲੇ | 16 |
| 7. | राग श्री डा० जागीर सिंह | 23 |
| 8. | Thougts on Gurbani Kirtan —S. Daljit Singh | 25 |
| 9. | ਭਾਈ ਸੰਤਾ ਸਿੰਘ ਰਾਗੀ | 29 |
| 10. | ਤੁਹਾਡੇ ਪੱਤਰ | 31 |
| 11. | ਕੀਰਤਨੀਆਂ ਬਾਰੇ | 32 |
| 12. | ਭਾਈ ਅਮਰੀਕ ਸਿੰਘ ਰਾਗੀ | 33 |

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਕਰਉ ਬੇਨੰਤੀਆਂ

ਮਨੁੱਖੀ ਜੀਵਨ ਵਿੱਚ ਸੰਗੀਤ ਦਾ ਬੜਾ ਮਹੱਤਵਪੂਰਨ ਸਥਾਨ ਹੈ। ਗੁਰਬਾਣੀ ਵਿੱਚ 'ਮਾਤਾ ਕੀ ਅਸੀਸ' ਵੇਲੇ ਹੋਰ ਅਸੀਸਾਂ ਦੇ ਨਾਲ ਨਾਲ 'ਭੋਜਨ ਕੀਰਤਨ ਨੀਤ' ਦੀ ਅਸੀਸ ਵੀ ਦਿੱਤੀ ਜਾਂਦੀ ਹੈ। ਮੈਨੂੰ ਤਾਂ ਇਹ ਅਸੀਸ ਸੰਪੂਰਨ ਰੂਪ ਵਿੱਚ ਫਲੀਭੂਤ ਹੋਈ ਹੈ। ਮੈਨੂੰ ਜੀਵਨ ਦਾ ਆਧਾਰ ਹੀ ਕੀਰਤਨ ਨੂੰ ਬਣਾਉਣਾ ਪਿਆ ਤੇ ਹੁਣ ਇਹ ਮੇਰੇ ਜੀਵਨ ਦਾ ਅਨਿੱਖੜ ਅੰਗ ਬਣ ਗਿਆ ਹੈ।

ਗੁਰਦੁਆਰਾ ਫਤਹਿਗੜ੍ਹ ਸਾਹਿਬ, ਗੁਰਦੁਆਰਾ ਦੂਖ ਨਿਵਾਰਨ ਸਾਹਿਬ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਹਜ਼ੂਰੀ ਰਾਗੀ ਵਜੋਂ ਨੌਕਰੀ ਕਰਦਾ ਸਾਂ। ਜਦੋਂ ਪਿਤਾ ਜੀ (ਭਾਈ ਉੱਤਮ ਸਿੰਘ ਪਤੰਗ) ਦਾ ਅਸ਼ੀਰਵਾਦ ਲੈ ਕੇ ਗੁਰਮਤ ਕਾਲਜ ਵਿੱਚ ਦਾਖਲ ਹੋਇਆ ਤਾਂ ਉੱਥੇ ਦੀ ਸਿੱਖਿਆ ਨੇ ਮੇਰੇ ਲਈ ਧਰਮ, ਗੁਰਬਾਣੀ ਅਤੇ ਕੀਰਤਨ ਦੇ ਅਰਥ ਬਦਲ ਦਿੱਤੇ। ਕੀਰਤਨ ਮੇਰੇ ਲਈ ਉਪਜੀਵਕਾ ਤੋਂ ਕਿਤੇ ਵਡੇਰੀ ਵਸਤੂ ਬਣ ਗਿਆ। ਪ੍ਰਿੰਸੀਪਲ ਸਤਿਬੀਰ ਸਿੰਘ ਹੋਰਾਂ ਦੀ ਸਿੱਖਿਆ ਅਤੇ ਅਸ਼ੀਰਵਾਦ ਸਦਕਾ ਇਸ ਖੇਤਰ ਵਿੱਚ ਇੱਕ ਖੋਜੀ ਵਜੋਂ ਪ੍ਰਵੇਸ਼ ਕੀਤਾ। ਗਿਆਨੀ ਲਾਲ ਸਿੰਘ ਹੋਰਾਂ ਨੇ ਤਾਂ ਕੀਰਤਨ ਰਾਹੀਂ ਲੋਕਾਈ ਦੀ ਸੇਵਾ ਕਰਨ ਦਾ ਪ੍ਰਣ ਹੀ ਲੈ ਲਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿੱਚ ਪ੍ਰਿੰਸੀਪਲ ਗੁਰਬਖਸ਼ ਸਿੰਘ ਸ਼ੇਰਗਿਲ ਹੋਰਾਂ ਨੇ ਕੀਰਤਨ ਸੰਬੰਧੀ ਖੋਜ ਕਰਨ ਦੇ ਸਾਧਨ ਮੁਹੱਈਆ ਕਰ ਦਿੱਤੇ। ਡਾ. ਸੁਰਿੰਦਰ ਸਿੰਘ ਕੋਹਲੀ ਹੋਰਾਂ ਦੀ ਸੁਚੱਜੀ ਅਗਵਾਈ ਅਤੇ ਕਲੇਰਾਂ ਵਾਲੇ ਸੰਤਾਂ ਦੀ ਸੁਹਿਰਦਤਾ ਸਦਕਾ ਪੀ-ਐਚ. ਡੀ. ਦਾ ਥੀਸਿਸ (ਗੁਰ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ) ਪੂਰਾ ਹੋਇਆ। ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਡਾ. ਗੋਪਾਲ ਸਿੰਘ ਦਰਦੀ ਅਤੇ ਸ: ਭਰਪੂਰ ਸਿੰਘ ਨੇ ਵੀ ਇਸ ਖੇਤਰ ਵਿੱਚ ਹੋਰ ਕੰਮ ਕਰਨ ਦਾ ਉਤਸ਼ਾਹ ਦਿੱਤਾ।

ਸ: ਬਰਜਿੰਦਰ ਸਿੰਘ ਨੇ 'ਪੰਜਾਬੀ ਟ੍ਰਿਬਿਊਨ' ਵਿੱਚ ਕੀਰਤਨੀਆਂ ਬਾਰੇ ਅਧਿਆਤਮਕ ਸੁਰਾਂ ਨਾਂ ਦੀ ਲੇਖ ਲੜੀ ਅਤੇ 'ਅਜੀਤ' ਵਿੱਚ ਕੀਰਤਨ ਟੇਪਾਂ ਬਾਰੇ ਟਿਪਣੀਆਂ ਸ਼ੁਰੂ ਕਰਵਾ ਕੇ ਕੀਰਤਨ ਨੂੰ ਪੱਤਰਕਾਰੀ ਦੇ ਖੇਤਰ ਵਿੱਚ ਇੱਕ ਅਹਿਮ ਸਥਾਨ ਦਿਵਾਉਣ ਦਾ ਜਤਨ ਕੀਤਾ।

ਇਹਨਾਂ ਲੇਖਾਂ ਨੂੰ ਪੜ੍ਹ ਕੇ, ਅਮਰੀਕਾ ਵਿੱਚ ਰਹਿੰਦੇ ਸ. ਹਰਜਾਪ ਸਿੰਘ ਔਜਲਾ, ਸ. ਅਰਜੀਤ ਸਿੰਘ ਮਾਹਲ, ਸ. ਤੇਜਿੰਦਰਜੀਤ ਸਿੰਘ ਪਸਰੀਚਾ, ਡਾ. ਸੁਖਵਿੰਦਰ ਸਿੰਘ ਸੰਧੂ, ਸ. ਉਦੈ ਸਿੰਘ ਖੜਤੰਤ, ਡਾ. ਪ੍ਰਿਤਿੰਦਰ ਸਿੰਘ ਪੁਆਰ ਆਦਿ ਨੇ ਮਨੂੰ ਅਮਰੀਕਾ ਬੁਲਾ ਕੇ ਪਿਆਰ ਸਤਿਕਾਰ ਦਿੱਤਾ ਹੁਣ ਜਦੋਂ ਵੀ ਕਿਤੇ ਕੀਰਤਨ ਕਰਨ ਜਾਂਦਾ ਹਾਂ ਤਾਂ ਕੀਟਤਨ-ਸਾਹਿਤ ਬਾਰੇ ਮੰਗ ਹੁੰਦੀ ਹੈ। ਇਸ ਮੰਗ ਨੂੰ ਪੂਰਾ ਕਰਨ ਲਈ ਇਸ ਪਰਚੇ ਦਾ ਧਿਆਨ ਆਇਆ। ਕੀਰਤਨ ਦੀ ਲੋਕ ਪ੍ਰਿਯਤਾ

ਦਿਨੋ ਦਿਨ ਵੱਧ ਰਹੀ ਹੈ। ਇਸ ਲਈ ਜ਼ਰੂਰੀ ਹੈ ਕਿ ਕੀਰਤਨੀਆਂ, ਸਰੋਤਿਆਂ ਅਤੇ ਪ੍ਰਬੰਧਕਾਂ ਨੂੰ ਕੀਰਤਨ ਦੇ ਸਾਰੇ ਪੱਖਾਂ ਬਾਰੇ ਜਾਣਕਾਰੀ ਹੋਵੇ। ਇਹ ਜਾਣਕਾਰੀ ਰੱਖਦਿਆਂ ਕੀਰਤਨੀਆ ਸੁਚੱਜੀ ਤਰ੍ਹਾਂ ਕੀਰਤਨ ਕਰ ਸਕਦਾ ਹੈ ਅਤੇ ਸਰੋਤਾ ਵਧੇਰੇ ਅਨੰਦ ਮਾਣ ਸਕਦਾ ਹੈ। ਪ੍ਰਬੰਧਕ ਵੀ ਕੀਰਤਨੀਏ ਅਤੇ ਕੀਰਤਨ ਦੀ ਸੰਭਾਲ ਚੰਗੀ ਤਰ੍ਹਾਂ ਕਰਨ ਦੇ ਸਮੱਰਥ ਹੋ ਸਕਦੇ ਹਨ।

ਇਸ ਦੇ ਨਾਲ ਨਾਲ ਸਕੂਲਾਂ ਕਾਲਜਾਂ ਅਤੇ ਯੂਨੀਵਰਸਟੀਆਂ ਵਿੱਚ ਸੰਗੀਤ ਦੇ ਵਿਸ਼ੇ ਵਿੱਚ ਕੀਰਤਨ ਪ੍ਰਣਾਲੀ ਨੂੰ ਮਹੱਤਵਪੂਰਨ ਸਥਾਨ ਦਿੱਤਾ ਜਾ ਰਿਹਾ ਹੈ। ਪਰ ਇਸ ਬਾਰੇ ਸਾਹਿਤ ਦੀ ਘਾਟ ਕਾਰਨ ਵਿਦਿਆਰਥੀਆਂ ਨੂੰ ਔਖ ਹੁੰਦੀ ਹੈ। ਸਾਡੀ ਕੋਸ਼ਿਸ਼ ਹੈ ਕਿ ਅਸੀਂ ਇਹਨਾਂ ਸਾਰੇ ਪੱਖਾਂ ਨੂੰ ਪਰਚੇ ਵਿੱਚ ਉਜਾਗਰ ਕਰੀਏ।

ਪਰਚੇ ਵਿੱਚ ਆਮ ਤੌਰ ਤੇ ਹੇਠ ਲਿਖੇ ਅਨੁਸਾਰ ਸਮੱਗਰੀ ਪ੍ਰਕਾਸ਼ਿਤ ਕੀਤੀ ਜਾਇਆ ਕਰੇਗੀ।

### 1. ਗੁਰਮਤਿ ਸੰਗੀਤ ਪਰੰਪਰਾ

ੳ ਵੱਖ ਵੱਖ ਗਾਇਨ ਸ਼ੈਲੀਆਂ
ਅ ਕੀਰਤਨ ਕਰਨ ਵਾਲਿਆਂ ਦੀਆਂ ਜੀਵਨੀਆਂ
ੲ ਪ੍ਰਸਿੱਧ ਸੰਗੀਤ-ਘਰਾਣਿਆਂ ਬਾਰੇ
ਸ ਕੀਰਤਨ-ਸੰਸਥਾਵਾਂ ਬਾਰੇ

### 2. ਜਾਣਕਾਰੀ

ੳ ਸੰਗੀਤਕਾਰਾਂ ਬਾਰੇ
ਅ ਰਾਗਾਂ ਬਾਰੇ
ੲ ਸੰਗੀਤ ਸਾਜ਼ਾਂ ਬਾਰੇ
ਸ ਸੰਗੀਤ ਬਾਰੇ ਪ੍ਰਕਾਸ਼ਿਤ ਪੁਸਤਕਾਂ ਬਾਰੇ
ਹ ਸੰਗੀਤ ਕੈਸਟਾਂ ਅਤੇ ਰਿਕਾਰਡਾਂ ਬਾਰੇ

### 3. ਸੰਗੀਤ-ਸਿੱਖਿਆ

ੳ ਸ਼ਬਦ-ਗਾਇਨ ਵਿਧੀ
ਅ ਹਾਰਮੋਨੀਅਮ ਸਿੱਖਿਆ
ੲ ਤਬਲਾ ਸਿੱਖਿਆ
ਸ ਸ਼ਬਦ ਗਾਇਨ ਸੁਰ ਲਿਪੀ
ਹ ਸ਼ਬਦ-ਵਿਚਾਰ ਤੇ ਪ੍ਰਮਾਣ

### 4. ਰਿਪੋਰਟਾਂ ਸੂਚਨਾਵਾਂ

ੳ ਕੀਰਤਨ ਦਰਬਾਰਾਂ ਬਾਰੇ
ਅ ਸੰਗੀਤ ਸਮਾਗਮਾਂ ਬਾਰੇ

ਪਰਚਾ ਕਢਣਾ ਇੱਕ ਵਿਅਕਤੀ ਦੀ ਸਮੱਰਥਾ ਤੋਂ ਬਾਹਰ ਹੈ। ਇਸ ਲਈ ਪ੍ਰੋ: ਪਿਆਰਾ ਸਿੰਘ ਮਾਹਲ, ਸ. ਜੀ. ਐਸ ਸੋਬਤੀ ਅਤੇ ਸ. ਐਚ. ਬੀ. ਐਸ. ਚੋਪੜਾ ਦੇ ਜਤਨਾਂ ਸਦਕਾ 'ਅੰਮ੍ਰਿਤ ਕੀਰਤਨ ਟ੍ਰਸਟ' ਦੀ ਸਥਾਪਨਾ ਕੀਤੀ ਗਈ। ਮੇਰੀ ਸੁਪਤਨੀ ਕੁਲਵੰਤ ਕੌਰ ਨੇ ਤਾਂ ਟ੍ਰਸਟ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਆਪਣੀ ਨੌਕਰੀ ਤੋਂ ਅਗੇਤੀ ਰਿਟਾਇਰਮੈਂਟ ਲੈਣ ਦਾ ਵਿਚਾਰ ਬਣਾ ਲਿਆ ਹੈ।

ਆਸ ਹੈ ਤੁਹਾਡੇ ਸਹਿਯੋਗ ਅਤੇ ਅਸ਼ੀਰਵਾਦ ਸਦਕਾ ਅਸੀਂ ਹਰ ਮਹੀਨੇ ਤੁਹਾਡੀ ਸੰਗੀਤ ਸਾਹਿਤ ਰਾਹੀਂ ਸੇਵਾ ਕਰਦੇ ਰਹਾਂਗੇ।

**ਜਾਗੀਰ ਸਿੰਘ**

—00—

ਪਰੰਪਰਾ

# ਰਾਗੀ, ਢਾਡੀ ਤੇ ਗਿਆਨੀ

**ਡਾ. ਭਾਈ ਵੀਰ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਨੂੰ ਗੁਰੂ ਸਾਹਿਬਾਨ ਨੇ ਰਾਗਾਂ ਵਿੱਚ ਵੰਡਿਆ ਹੈ, ਜਿਸ ਤੋਂ ਇਹ ਮੁਰਾਦ ਹੈ ਕਿ ਅਖੰਡ ਕੀਰਤਨ ਕਰਨ ਵਾਲੇ ਰਾਗੀਆਂ ਰਬਾਬੀਆਂ ਨੂੰ ਇਨ੍ਹਾਂ ਸ਼ਬਦਾਂ ਦੇ ਉਹਨਾਂ ਹੀ ਰਾਗਾਂ ਵਿੱਚ ਗਾਇਨ ਕਰਨ ਦਾ ਅਵਸਰ ਮਿਲੇ, ਜਿਨ੍ਹਾਂ ਵਿੱਚ ਕਿ ਉਹ ਤਿਆਰ ਕੀਤੇ ਗਏ ਹਨ। ਭਾਵੇਂ ਸਾਡੇ ਅਖੰਡ ਕੀਰਤਨ ਕਰਨ ਵਾਲੇ ਰਾਗੀ ਰਬਾਬੀ ਹੁਣ ਐਥੋਂ ਤੱਕ ਗਿਰ ਗਏ ਹਨ ਕਿ ਉਹ ਪੁਰਾਣੀਆਂ ਧਾਰਨਾਂ ਨੂੰ ਹੀ ਨਿਰਾ ਉੱਕਾ ਭੁੱਲ ਨਹੀਂ ਰਹੇ ? ਸਗੋਂ ਬਾਣੀ ਨੂੰ ਰਾਗਾਂ ਦੀਆਂ ਤਾਨਾਂ ਤਰਾਨਿਆਂ ਵਿੱਚ ਇਸ ਤਰ੍ਹਾਂ ਅਲਾਪਣ ਲੱਗ ਗਏ ਹਨ ਕਿ ਬਾਣੀ ਦੇ ਪਦ ਵੀ ਠੀਕ ਉਚਾਰ ਵਿੱਚ ਨਹੀਂ ਆਉਂਦੇ, ਖਾਲੀ ਕਲਾਉਂਤਬਾਜ਼ੀ ਹੀ ਹੁੰਦੀ ਹੈ। ਫੇਰ ਕਿਸੇ ਰਾਗ ਦਾ ਸ਼ਬਦ ਕਿਸੇ ਰਾਗ ਵਿੱਚ ਅਤੇ ਕਿਸੇ ਵਾਰ ਨੂੰ ਕਿਸੇ ਰਾਗ ਦੀ ਵਾਰ ਵਿੱਚ ਗਾਉਣ ਲੱਗ ਪਏ ਹਨ। ਜੇ ਐਥੋਂ ਤੱਕ ਹੀ ਬੱਸ ਹੁੰਦੀ ਤਾਂ ਖੈਰ ਘਾਟਾ ਬਹੁਤ ਨਹੀਂ ਸੀ, ਪਰ ਹੁਣ ਢਾਡੀਆਂ ਦਾ ਕੰਮ ਵੀ ਰਾਗੀਆਂ ਰਬਾਬੀਆਂ ਨੇ ਲੈ ਲਿਆ ਹੈ, ਅਰਥਾਤ ਕੀਰਤਨ ਦੀ ਥਾਂ ਸਾਖੀਆਂ ਸੁਨਾਉਣ ਲੱਗ ਪਏ ਹਨ! ਭਾਵੇਂ ਇਨ੍ਹਾਂ ਸਾਖੀਆਂ ਨਾਲ ਦੀਵਾਨ ਦੀ ਰੌਣਕ ਵਧ ਜਾਂਦੀ ਹੈ, ਪਰ ਪੁਰਾਣਾ ਤਰੀਕਾ ਜੋ ਅਖੰਡ ਕੀਰਤਨ ਦੁਆਰਾ ਮਨ ਨੂੰ ਇਕਾਗਰ ਕਰਨ ਦਾ ਸੀ ਸੋ ਦੂਰ ਹੁੰਦਾ ਜਾਂਦਾ ਹੈ। ਪੁਰਾਣੇ ਸਮੇਂ ਵਿੱਚ ਸਾਖੀਆਂ ਸੁਨਾਉਣ ਦਾ ਕੰਮ ਢਾਡੀਆਂ ਦਾ ਹੁੰਦਾ ਸੀ, ਰਾਗੀਆਂ ਦਾ ਨਹੀਂ ਸੀ ਹੁੰਦਾ। ਬਲਕਿ ਸਾਰੇ ਰਾਗੀ ਹੁਣ ਕੁਝ-ਕੁਝ ਕੰਮ ਉਪਦੇਸ਼ਕਾਂ ਦਾ ਵੀ ਕਰਨ ਲੱਗ ਪਏ ਹਨ: ਅਰਥਾਤ ਅਨਮਤਾਂ ਦੇ ਆਪਣੇ ਮਤ ਨਾਲ ਮੁਕਾਬਲੇ ਕਰਕੇ ਕੀਰਤਨ ਵਿੱਚ ਹੀ ਦੱਸਣ ਲੱਗ ਪਏ ਹਨ। ਏਸ ਕਰਕੇ ਅਨਮਤਾਂ ਦੇ ਆਦਮੀ ਗੁਰਬਾਣੀ ਦੇ ਸੁਣਨ ਤੋਂ ਪਿੱਛੇ ਹਟ ਜਾਂਦੇ ਹਨ ਅਤੇ ਕਦੀ ਕਦੀ ਗਿਆਨੀਆਂ ਦਾ ਕੰਮ ਵੀ ਸ਼ਬਦ ਕੀਰਤਨ ਵਿੱਚ ਕਰਨ ਲੱਗ ਪਏ ਹਨ ਅਥਥਾਤ ਗੁਰਬਾਣੀ ਦੇ ਅਰਥ ਕਰਨ ਲੱਗ ਪਏ ਹਨ। ਇਨ੍ਹਾਂ ਬਾਤਾਂ ਦਾ ਤਅੱਲਕ ਅਖੰਡ ਸ਼ਬਦ ਕੀਰਤਨ ਨਾਲ ਕੁਝ ਨਹੀਂ ਸੀ।

ਸੋ ਜੇ ਸਾਡੇ ਰਾਗੀ ਢਾਡੀਆਂ, ਉਪਦੇਸ਼ਕਾਂ ਅਤੇ ਗਿਆਨੀਆਂ ਦਾ ਕੰਮ ਤਾਂ ਕਰਨ ਲੱਗ ਪੈਣ, ਪਰ ਆਪਣਾ ਅਸਲੀ ਕੰਮ, ਅਰਥਾਤ ਅਖੰਡ ਕੀਰਤਨ, ਤਿਆਗ ਦੇਣ ਤਾਂ ਘਾਟਾ ਇਹ ਹੈ ਕਿ ਇੱਕ ਬੰਨਿਓਂ ਤਾਂ ਅਖੰਡ ਕੀਰਤਨ ਦੀ ਰਸਮ ਦੂਰ ਹੋ ਜਾਵੇਗੀ ਅਤੇ ਦੂਜੇ ਪਾਸਿਓਂ ਜੋ ਢਾਡੀਆਂ ਨੂੰ, ਗਿਆਨੀਆਂ ਨੂੰ, ਉਪਦੇਸ਼ਕਾਂ ਨੂੰ ਆਪਣੇ ਆਪਣੇ ਕੰਮ ਵਿੱਚ ਮਿਹਨਤ ਕਰਨੀ ਪਵੇਗੀ ਸੋ ਰਾਗੀਆਂ ਨੂੰ ਰਾਗ ਸਿੱਖਣ ਦੇ ਨਾਲ ਹੀ ਕਰਨੀ ਪਊ, ਜਿਸ ਕਰਕੇ ਉਹਨਾਂ ਨੂੰ ਚਾਰ ਗੁਣਾ ਮਿਹਨਤ ਆਪਣੇ ਅਸਲੀ ਕੰਮ (ਸ਼ਬਦ ਕੀਰਤਨ ਤੋਂ ਵੱਖਰੀ) ਕਰਨੀ ਜਦ ਪਈ ਤਾਂ ਕੋਈ ਕੋਈ ਹੀ ਬਹਾਦਰ ਇਸ ਕੰਮ ਨੂੰ ਪੂਰਾ ਕਰ ਸਕੇਗਾ, ਨਹੀਂ ਤਾਂ ਰਾਗੀ ਐਸੇ ਪੈਦਾ ਹੋ ਜਾਣਗੇ ਜੋ ਚਾਰਾਂ ਕੰਮਾਂ ਨੂੰ ਕਰਦੇ ਹੋਏ ਵੀ ਕਿਸੇ ਕਾਰ ਦੇ ਕਰਨ ਦੇ ਲਾਇਕ ਨਹੀਂ ਰਹਿਣਗੇ ਇਸ ਕਰਕੇ ਅੰਜਾਮ ਇਸ ਕੰਮ ਦਾ ਚੰਗਾ ਨਹੀਂ ਹੈ। ਪਰ ਇਹ ਕੁਚਾਲ ਕਿਉਂ ਤੁਰ ਪਈ ? (ਸ਼ੁੱਧ ਅਤੇ ਅਖੰਡ) ਕੀਰਤਨ ਸੁਣਨ ਦਾ ਰਾਗ ਦੁਆਰਾ ਸ਼ੌਕ ਪਹਿਲੇ ਵਾਲਾ ਨਹੀਂ ਰਿਹਾ। ਹੁਣ

ਸੰਗਤਾਂ ਕਿੱਸੇ ਕਹਾਣੀਆਂ ਸੁਣਦੇ ਸੁਣਦੇ ਗੁਰੂ ਘਰ ਦੀਆਂ ਸਾਖੀਆਂ ਹੀ ਸੁਣਨ ਵਿੱਚ ਮਸਤ ਹੋ ਜਾਂਦੀਆਂ ਹਨ। ਸਾਖੀਆਂ ਸੁਣਨੀਆਂ ਗੁਰੂ ਘਰ ਵਿੱਚ ਮਨ੍ਹਾ ਨਹੀਂ ਹਨ, ਪਰ ਹਰ ਇੱਕ ਕੰਮ ਲਈ ਵੇਲਾ ਵਿਚਾਰਨ ਦੀ ਲੋੜ ਹੈ। ਛੀਵੇਂ ਗੁਰੂ ਜੀ ਵੇਲੇ ਦੀਆਂ ਸੰਗਤਾਂ ਸਾਖੀਆਂ ਸੁਣਿਆਂ ਕਰਦੀਆਂ ਸਨ, ਪਰ ਗੁਰੂ ਜੀ ਨੇ ਇਸ ਵਾਸਤੇ ਰਹਿਰਾਸ ਅਤੇ ਕੀਰਤਨ ਦੇ ਪਿੱਛੇ ਸਮਾਂ ਰੱਖਿਆ ਹੋਇਆ ਸੀ, ਇਹ ਮਰਿਯਾਦਾ ਨਹੀਂ ਸੀ ਕਿ ਸਵੇਰੇ ਆਸਾ ਦੀ ਵਾਰ ਵੇਲੇ ਵੀ ਸਾਖੀ ਪ੍ਰਮਾਣ, ਆਨੰਦ ਦੇ ਪਹਿਰ ਦੀ ਚੌਂਕੀ ਵੇਲੇ ਵੀ ਸਾਖੀ ਪ੍ਰਮਾਣ, ਪਿੱਛੇ ਕਥਾ ਵੇਲੇ ਵੀ ਸਾਖੀ ਪ੍ਰਮਾਣ, ਰਹਿਰਾਸ ਦੇ ਸਮੇਂ ਵੀ ਸਾਖੀ ਪ੍ਰਮਾਣ, ਕੀਰਤਨ ਸੋਹਲੇ ਵੇਲੇ ਵੀ ਸਾਖੀ ਪ੍ਰਮਾਣ। ਨਹੀਂ ਮਿੱਤਰੋ ! ਆਸਾ ਦੀ ਵਾਰ ਵੇਲੇ ਸਿਰਫ ਆਸਾ ਦੀ ਵਾਰ ਹੀ ਹੁੰਦੀ ਸੀ।

ਭਾਵੇਂ ਆਸਾ ਦੀ ਵਾਰ ਵਿੱਚ ਅਕਾਲ ਪੁਰਖ ਦੇ ਭਜਨ ਨਾਲ ਸਮੇਂ ਦੀਆਂ ਕੁਚਾਲਾਂ ਦਾ ਨਕਸ਼ਾ ਵੀ ਬਾਨੀ ਵਿੱਚ ਖਿੱਚਿਆ ਗਿਆ ਹੈ, ਪਰ ਉਸ ਵੇਲੇ ਆਸਾ ਦੀ ਵਾਰ ਗਾਇਨ ਕਰਨ ਤੋਂ ਸਿਵਾਏ ਰਾਗੀ ਸਿੰਘ ਸ਼ਬਦਾਂ ਦੀ ਵਿਆਖਿਆ ਨੂੰ ਅੱਗੇ ਰੱਖਕੇ ਦੂਜੇ ਮਤਾਂ ਦੀਆਂ ਕੁਚਾਲਾ ਨੂੰ ਫਰੋਲਣ ਨਹੀਂ ਲੱਗ ਪੈਂਦੇ ਸਨ ਕਿਉਂਕਿ ਅੰਮ੍ਰਿਤ ਵੇਲਾ ਕੇਵਲ ਪਰਮਾਤਮਾ ਵੱਲ ਮਨ ਨੂੰ ਇਕਾਗਰ ਕਰਕੇ ਲਗਾਉਣ ਦਾ ਹੀ ਹੁੰਦਾ ਹੈ, ਉਸ ਵੇਲੇ ਬਾਨੀ ਦੇ ਰਸੀਏ ਆਪ ਮਹਿਸੂਸ ਕਰ ਲੈਂਦੇ ਸਨ। ਉਪਰੰਤ ਸੂਰਜ ਚੜ੍ਹੇ ਤੇ ਪ੍ਰਸ਼ਾਦ ਵੇਲੇ ਤੱਕ ਖੁੱਲ੍ਹਾ ਸ਼ਬਦ ਕੀਰਤਨ ਅਖੰਡ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਨੀ ਦਾ ਹੀ ਹੁੰਦਾ ਸੀ। ਪ੍ਰਸ਼ਾਦ ਛਕਣ ਵੇਲੇ ਆਨੰਦ ਦੀ ਚੌਂਕੀ ਹੋਕੇ ਜਦ ਭੋਗ ਪੈਂਦਾ ਸੀ ਤਾਂ ਸੰਗਤਾਂ ਪ੍ਰਸ਼ਾਦ ਛਕਕੇ ਕੰਮ ਕਾਰ ਵਿੱਚ ਲਗਦੀਆਂ ਸਨ। ਉਪਰੰਤ ਦੁਪਹਿਰ ਤੋਂ ਪਿੱਛੋਂ ਕਥਾ ਦੁਆਰਾ ਸਿੱਖ ਧਰਮ ਦੇ ਭਾਵ ਦੱਸੇ ਜਾਂਦੇ ਸਨ। ਇਹ ਕੰਮ ਗਿਆਨੀ-ਆਂ ਦਾ ਸੀ। ਉਪਰੰਤ ਚਰਨ ਕੰਵਲ ਦੀ ਚੌਂਕੀ ਹੋਕੇ ਫੇਰ ਦੀਵਾਨ ਬਰਖਾਸਤ ਹੁੰਦਾ ਸੀ। ਸੰਧਿਆ ਨੂੰ ਸੋਦਰ ਦੀ ਚੌਂਕੀ ਦੇ ਪਿੱਛੋਂ ਜਦ ਰਹਿਰਾਸ ਦਾ ਪਾਠ ਹੋ ਚੁਕਦਾ ਸੀ ਤਦ ਢਾਡੀਆਂ ਪਾਸੋਂ ਵਾਰਾਂ ਅਤੇ ਸਾਖੀਆਂ ਸੁਣਾਈਆਂ ਜਾਂਦੀਆਂ ਸਨ । ਪਸਚਾਤ ਪ੍ਰਸਾਦ ਛਕਕੇ ਕੀਰਤਨ ਸੋਹਿਲੇ ਦੀ ਚੌਂਕੀ ਹੁੰਦੀ ਸੀ । ਇਸੀ ਤਰ੍ਹਾਂ ਦੇ ਨਾਲ ਰਾਗੀਆਂ, ਗਿਆਨੀਆਂ, ਢਾਡੀਆ ਨੂੰ ਅੱਡ ਅੱਡ ਆਪਣਾ ਆਪਣਾ ਕੰਮ ਕਰਨਾ ਪੈਂਦਾ ਸੀ। ਉਪਦੇਸ਼ ਦਾ ਕੰਮ ਖੁਦ ਗੁਰੂ ਸਾਹਿਬਾਨ ਆਪ ਕਰਦੇ ਸਨ, ਪਰ ਕਿਸ ਵੇਲੇ ? ਜਦ ਸਿੱਖ ਕਿਸੇ ਬਾਤ ਦੀ ਬਾਬਤ ਉਨ੍ਹਾਂ ਪਾਸੋਂ ਅਰਜ਼ ਕਰਕੇ ਪੁੱਛਦੇ ਹੁੰਦੇ ਸਨ; ਅਥਵਾ ਗੁਰੂ ਸਾਹਿਬਾਨ ਸਮਝਦੇ ਸਨ ਕਿ ਇਸ ਵੇਲੇ ਇਸ ਉਪਦੇਸ਼ ਦੀ ਲੋੜ ਹੈ। ਜਿਸ ਕਰਕੇ ਸਾਰੇ ਕੰਮ ਆਪ ਤੋਂ ਆਪ ਵੰਡ ਅਨੁਸਾਰ ਪਏ ਹੁੰਦੇ ਸਨ ਤੇ ਉਹਨਾਂ ਕੰਮਾਂ ਦੇ ਕਰਨ ਵਾਲੇ ਆਪਣਾ ਆਪਣਾ ਕੰਮ ਸਰਗਰਮੀ ਨਾਲ ਕਰਦੇ ਸਨ।

ਹੁਣ ਗੁਰੂ ਜੀ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਿਲੀ ਹੋਈ ਹੈ ਅਤੇ ਸਿੱਖੀ ਦੀ ਹਿਫਾਜ਼ਤ ਅਤੇ ਪ੍ਰਚਾਰ ਦੀ ਜ਼ਿੰਮੇਵਾਰੀ ਗੁਰੂ ਖਾਲਸੇ ਜੀ ਨੂੰ, ਜਿਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਨੀ ਦੀ ਵਿਆਖਿਆ ਦੁਆਰੇ ਸਿੱਖੀ ਵਿੱਚ ਉਪਦੇਸ਼ ਕਰਨ ਦਾ ਕੰਮ ਖਾਲਸਾ ਉਪਦੇਸ਼ਕਾਂ ਦਾ ਹੈ, ਜਿਨ੍ਹਾਂ ਨੂੰ ਖਾਲਸਾ ਪੰਥ ਦੇ ਜੱਥੇ ਗੁਣੀ ਗਿਆਨੀ ਸਮਝਕੇ ਇਸ ਕੰਮ ਵਾਸਤੇ

ਮੁਕੱਰਰ ਕਰਨ। ਪਰ ਜਿਸ ਤਰ੍ਹਾਂ ਕਈ ਸੱਜਣ ਬਿਨਾਂ ਕੁਝ ਜਾਣੇ ਵਿਚਾਰੇ ਦੇ ਆਪਣਾ ਨਾਮ ਆਪ ਹੀ ਉਪਦੇਸ਼ਕ ਰੱਖ ਲੈਂਦੇ ਹਨ, ਇਸੇ ਤਰ੍ਹਾਂ ਕਈ ਰਾਗੀ ਸਿੰਘ ਆਪਣੇ ਅਖੰਡ ਕੀਰਤਨ ਕਰਨ ਦਾ ਕੰਮ ਛਡਕੇ ਉਪਦੇਸ਼ਕਾਂ, ਗਿਆਨੀਆਂ, ਢਾਡੀਆਂ ਦਾ ਕੰਮ ਕਰਨ ਲੱਗ ਪਏ ਹਨ. ਜਿਸ ਕਾਰਨ ਅਖੰਡ ਕੀਰਤਨ ਨੂੰ ਨੁਕਸਾਨ ਪਹੁੰਚ ਰਿਹਾ ਹੈ। ਪਰ ਕਾਰਨ ਕੀ ਹੈ ? ਵਜ੍ਹਾ ਇਹ ਹੈ ਕਿ ਸੰਗਤਾਂ ਵਿੱਚ ਰਾਗ ਦੁਆਰਾ ਸ਼ੁੱਧ ਸ਼ਬਦ ਸੁਣਨ ਦਾ ਭਾਵ ਘਟ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਸ਼ਬਦਾਂ ਦੇ ਯਥ ਰਥ ਅਰਥ ਆਉਂਦੇ ਹੀ ਨਹੀਂ। ਜਿਸ ਕਰਕੇ ਸਿਰਫ ਸਾਖੀ ਪ੍ਰਮਾਣਾਂ ਦੇ ਉੱਪਰ ਹੀ ਖੁਸ਼ ਹੋ ਜਾਦੇ ਹਨ। ਉਪਦੇਸ਼ਕ ਇਨ੍ਹਾਂ ਸਾਖੀ ਪ੍ਰਮਾਣਾਂ ਨੂੰ ਚੂੰਕਿ ਰਾਗ ਦੁਆਰਾ ਦੱਸ ਕੇ ਸੰਗਤਾਂ ਨੂੰ ਰਿਝਾ ਨਹੀਂ ਸਕਦੇ, ਪਰ ਰਾਗੀ ਇਸ ਤਰ੍ਹਾਂ ਪਰ ਕਰ ਸਕਦੇ ਹਨ। ਇਸ ਵਾਸਤੇ ਰਸ ਦੀਆਂ ਮਸਤ ਸੰਗਤਾਂ ਰਾਗੀਆਂ ਪਾਸੋਂ ਸਾਖੀ ਪ੍ਰਮਾਣ ਸੁਣਨਾ ਪਸੰਦ ਕਰਦੀਆਂ ਹਨ। ਪਰ ਕਦੀ ਗ੍ਰੰਥੀ ਚੰਗੇ ਹੁੰਦੇ ਤਾਂ ਆਪਣੀਆਂ ਆਪਣੀਆਂ ਧਰਮਸਾਲਾਂ ਦੀਆਂ ਸੰਗਤਾਂ ਨੂੰ ਰਾਗੀਆਂ, ਰਬਾਬੀਆਂ ਢਾਡੀਆਂ, ਉਪਦੇਸ਼ਕਾਂ, ਗਿਆਨੀਆਂ ਦਾ ਅੱਡ ਕੰਮ ਸਮਝਾਉਂਦੇ ਰਹਿੰਦੇ, ਜਿਸ ਕਰਕੇ ਸੰਗਤਾਂ ਨੂੰ ਹਰ ਤਰ੍ਹਾਂ ਦੀ ਬਾਤ ਦਾ ਇੱਕੋ ਜਿਹਾ ਸ਼ੌਕ ਬਣਿਆ ਰਹਿੰਦਾ, ਜਿਸ ਕਰਕੇ ਰਾਗੀ ਸਿੰਘ ਕੀਰਤਨ ਨੂੰ ਚੰਗੀ ਤਰ੍ਹਾਂ ਕੀਤਾ ਕਰਦੇ। ਢਾਡੀ ਸਿੰਘ ਵਾਰਾਂ ਤੇ ਸਾਖੀਆਂ ਸੁਨਾਉਣ ਵਿੱਚ ਨਿਪੁੰਨ ਹੁੰਦੇ, ਗਿਆਨੀ ਕਥਾ ਸੁੰਦਰ ਕਰਕੇ ਸਿੱਖ ਧਰਮ ਦੇ ਅਸੂਲਾਂ ਨੂੰ ਚੰਗੀ ਤਰ੍ਹਾਂ ਦੱਸਦੇ ਅਤੇ ਉਪਦੇਸ਼ਕ ਸਿੱਖ ਧਰਮ ਦੇ ਅਸੂਲਾਂ ਨਾਲ ਅਨਮਤਾਂ ਦੇ ਅਸੂਲਾਂ ਦਾ ਮੁਕਾਬਲਾ ਕਰਕੇ ਸਿੱਖ ਅਸੂਲਾਂ ਦੀ ਸ੍ਰੇਸ਼ਟਤਾ ਦੱਸ ਸਕਦੇ, ਅਰਥਾਤ ਕੇਵਲ ਆਪਣੇ ਧਰਮ (ਸਿੱਖ ਧਰਮ) ਦੀ ਪ੍ਰੌੜਤਾ ਸਿਖਾਕੇ ਮਨਾਂ ਵਿੱਚ ਚੰਗੀ ਤਰ੍ਹਾਂ ਦ੍ਰਿੜਤਾ ਕਾਇਮ ਕਰ ਸਕਦੇ ਜਿਸ ਕਰਕੇ ਪੰਥ ਦਾ (ਟੇਸਟ) ਰਸ ਅਰਥਾਤ ਸੁਭਾਵ ਤਬਦੀਲੀ ਖਾਣ ਵੱਲੋਂ ਰੁਕ ਜਾਂਦਾ। ਪਰ ਜਿਸ ਤਰ੍ਹਾਂ ਹੁਣ ਤਬਦੀਲੀ ਖਾ ਰਿਹਾ ਹੈ, ਜੇ ਇਸੇ ਤਰ੍ਹਾਂ ਦੀਆਂ ਤਬਦੀਲੀਆਂ ਖਾਣ ਲੱਗ ਤਾਂ ਅਜਬ ਨਹੀਂ ਕਿ ਇਸ ਹਾਲਤ ਨੂੰ ਵੀ ਕਦੀ ਛੱਡ ਜਾਵੇ ਅਤੇ ਹੋਰਨਾਂ ਸੁਭਾਵਾਂ ਨੂੰ, ਜੋ ਅਨਮਤਾ ਨੂੰ ਬੁਰਾ ਆਖਣ ਅਤੇ ਆਪਣੇ ਘਰ ਦੀ ਕੁਝ ਸਮਝ ਨਾ ਹੋਣ ਦਾ ਹੋਵੇ ਗ੍ਰਹਿਣ ਕਰ ਲਵੇ। ਸੋ ਮਿੱਤਰੋ ! ਜਦ ਤੱਕ ਪੰਥ ਵਿੱਚ ਚੰਗੇ ਗ੍ਰੰਥੀ ਨਹੀਂ ਹੁੰਦੇ, ਜਗ੍ਹਾ ਜਗ੍ਹਾ ਦੀਆਂ ਧਰਮਸ਼ਾਲਾਂ ਦੀਆਂ ਸੰਗਤਾਂ ਪ੍ਰਾਚੀਨ ਮਰਿਯਾਦਾ, ਜੋ ਗੁਰੂ ਸਾਹਿਬਾਨ ਅਤੇ ਪੰਥ ਖਾਲਸਾ ਜੀ ਨੇ ਮੁਕੱਰਰ ਕੀਤੀਆਂ ਹੋਈਆਂ ਹਨ, ਉਹਨਾਂ ਪਰ ਕਾਇਮ ਨਹੀਂ ਰਹਿ ਸਕਦੀਆਂ। ਚੰਗੇ ਗ੍ਰੰਥੀਆਂ ਬਿਨਾਂ ਸੰਗਤਾ ਨੂੰ ਬਾਣੀ ਦਾ ਕੋਈ ਅਰਥ ਬੋਧ ਨਹੀਂ ਹੋ ਸਕਦਾ, ਜਿਸ ਕਰਕੇ ਪੰਥ ਦੀਆਂ ਅੱਡ ਅੱਡ ਜਗ੍ਹਾ ਦੀਆਂ ਸੰਗਤਾਂ ਦਾ ਅੱਡ ਅੱਡ ਸੁਭਾਵ ਹੁੰਦਾ ਜਾਵੇਗਾ ਅਤੇ ਧਾਰਮਕ ਏਕਤਾ ਨਹੀਂ ਰਹੇਗੀ।

(ਖਾਲਸਾ ਸਮਾਚਾਰ, 16 ਮਈ 1906 ਈ:)

# ਏਹੁ ਅੰਤੁ ਨ ਜਾਣੈ ਕੋਇ

ਪ੍ਰਿੰਸੀਪਲ ਹਰਭਜਨ ਸਿੰਘ

ਗੁਰਬਾਣੀ ਦੀ ਵੀਚਾਰ-ਅਧੀਨ ਇਹ ਤੁਕ, ਸ੍ਰੀ ਗੁਰੂ ਨਾਨਕ ਦੇਵ ਜੀ ਦੀ, ਮਹਾਨ-ਭਾਵੀ, ਅਮੁੱਲ ਤੇ ਸ਼ਾਹਕਾਰੀ ਰਚਨਾ "- ਜਪੁ -", ਅਥਵਾ "ਜਪੁ ਨੀਸਾਣੁ" ਦੀ, ਚੌਵੀਵੀਂ ਪਉੜੀ ਵਿੱਚੋਂ ਲਈ ਗਈ ਹੈ। ਅਕਾਲ ਪੁਰਖ ਵਾਹਿਗੁਰੂ ਦੀ ਬੇਅੰਤਤਾ, ਅਨੰਨਤਾ ਤੇ ਸਰਬੱਗਤਾ ਦਾ ਭਾਵ-ਭਿੰਨਾ ਅਨੁਭਵ ਕਰਾਉਣ ਵਾਲੀ, ਇਸ ਪਉੜੀ ਦਾ, ਸਾਰਾ ਪਾਠ, ਸ਼ਬਦਾਰਥ ਅਤੇ ਵੀਚਾਰ-ਵਿਸਥਾਰ ਇਸ ਪ੍ਰਕਾਰ ਹੈ: –

ਪਾਠ – 1 ਅੰਤੁ ਨ ਸਿਫਤੀ, ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥
2 ਅੰਤੁ ਨ ਵੇਖਣਿ, ਸੁਣਣਿ ਨ ਅੰਤੁ ॥ ਅੰਤੁ ਨ ਜਾਪੈ, ਕਿਆ ਮਨਿ ਮੰਤੁ ॥
3 ਅੰਤੁ ਨ ਜਾਪੈ, ਕੀਤਾ ਆਕਾਰੁ ॥ ਅੰਤੁ ਨ ਜਾਪੈ, ਪਾਰਾਵਾਰੁ ॥
4 ਅੰਤੁ ਕਾਰਣਿ, ਕੇਤੇ ਬਿਲਲਾਹਿ ॥ ਤਾ ਕੇ ਅੰਤ, ਨ ਪਾਏ ਜਾਹਿ ॥
5 ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ, ਬਹੁਤਾ ਹੋਇ ॥
6 ਵਡਾ ਸਾਹਿਬੁ, ਊਚਾ ਥਾਉ ॥ ਊਚੇ ਉਪਰਿ, ਊਚਾ ਨਾਉ ॥
7 ਏਵਡੁ ਊਚਾ, ਹੋਵੈ ਕੋਇ ॥ ਤਿਸੁ ਊਚੇ ਕਉ, ਜਾਣੈ ਸੋਇ ॥
8 ਜੇਵਡੁ ਆਪਿ, ਜਾਣੈ ਆਪਿ ਆਪਿ ॥ ਨਾਨਕ, ਨਦਰੀ ਕਰਮੀ ਦਾਤਿ ॥

ਸ਼ਬਦਾਰਥ— 1 ਵਾਹਿਗੁਰੂ ਦੇ ਗੁਣਾਂ ਦਾ ਕੋਈ ਅੰਤ ਸ਼ੁਮਾਰ ਨਹੀਂ, ਅਤੇ ਨ ਹੀ ਕਹਿਣ ਕਹਾਉਣ ਨਾਲ, ਉਸ ਦੇ ਗੁਣਾਂ ਦਾ ਅੰਤ ਪੈ ਸਕਦਾ ਹੈ। ਉਸ ਦੇ ਕੰਮਾਂ-ਕਾਜਾਂ, ਅਤੇ ਉਸ ਦੀਆਂ ਦਾਤਾਂ ਦਾ ਵੀ ਕੋਈ ਓੜਕ ਨਹੀਂ।

2 ਵੇਖਣ ਤੇ ਸੁਣਨ ਨਾਲ ਵੀ ਉਸ ਦੇ ਗੁਣਾਂ ਦਾ ਅੰਤ ਪਾ ਸਕਣਾ ਅਸੰਭਵ ਹੈ, ਅਤੇ ਨ ਹੀ ਕਿਸੇ ਨੂੰ ਇਸ ਗੱਲ ਦਾ ਥਹੁ ਪਤਾ ਲਗਦਾ ਹੈ ਕਿ ਉਸ ਦੇ ਮਨ ਵਿੱਚ ਕਿਹੜਾ ਫੁਰਨਾ ਹੈ।

3 ਵਾਹਿਗੁਰੂ ਦੀ ਰਚੀ, ਇਹ ਦਿਸਦੀ ਅਤੇ ਅਣ-ਦਿਸਦੀ ਸ੍ਰਿਸ਼ਟੀ ਦਾ ਵੀ ਕੋਈ ਅੰਤ ਤੇ ਪਾਰਾਵਾਰ ਨਹੀਂ।

4 ਵਾਹਿਗੁਰੂ ਦਾ ਅੰਤ, ਅਥਵਾ ਹਦ-ਬੰਨਾ ਲੱਭਣ ਲਈ, ਬੇਸ਼ੁਮਾਰ ਲੋਕ ਤਰਲਾ ਮਾਰ ਰਹੇ ਹਨ; ਪ੍ਰੰਤੂ, ਉਨ੍ਹਾਂ ਦੇ ਸਾਰੇ ਜਤਨ ਬੇਕਾਰ ਤੇ ਬੇਅਰਥ ਹਨ।

5 ਕੇਵਲ ਇਹੀ ਨਹੀਂ, ਕਿ ਵਾਹਿਗੁਰੂ ਦਾ ਅੰਤ ਪਾ ਸਕਣਾ ਅਸੰਭਵ ਹੈ: ਸਗੋਂ ਜਿਤਨਾ ਵਧੀਕ ਉਸ ਨੂੰ ਬਿਆਨਣ ਦਾ ਜਤਨ ਕਰੀਦਾ ਹੈ, ਉਸ ਤੋਂ ਕਈ ਗੁਣਾਂ ਵੱਧ, ਉਹ ਅਣ-ਬਿਆਨਿਆ ਰਹਿ ਜਾਂਦਾ ਹੈ।

6 ਹਕੀਕਤ ਇਹ ਹੈ ਕਿ ਉਹ ਮਾਲਕ ਵੱਡੇ ਤੋਂ ਵੱਡਾ ਹੈ, ਉਸਦਾ ਟਿਕਾਣਾ ਅਪਹੁੰਚ

ਹੈ, ਅਤੇ ਉਸ ਦਾ ਨਾਮ ਤੇ ਨਾਮਣਾ ਵੀ ਉੱਚੇ ਤੋਂ ਉੱਚਾ ਹੈ ।

7 ਜੇ ਕੋਈ ਮਨੁੱਖ. ਉਸ ਪ੍ਰਮਾਤਮਾ ਜਿੱਡਾ ਵੱਡਾ ਹੋਵੇ, ਤਾਂ ਹੀ ਉਹ, ਉਸ ਉੱਚੇ ਵਾਹਿਗੁਰੂ ਨੂੰ ਪੂਰੀ ਤਰ੍ਹਾਂ ਜਾਣ ਸਕਦਾ ਹੈ ।
ਗੁਰਵਾਕ ਹੈ :- ਦੂਸਰ ਹੋਇ, ਤ ਸੋਝੀ ਪਾਇ ॥ (ਸੁਖਮਨੀ) ਪੰ-294

8 ਸੱਚ ਤਾਂ ਇਹ ਹੈ ਕਿ ਅਦੁੱਤੀ, ਬੇ-ਮਿਸਾਲ ਅਤੇ ਲਾ-ਸ਼ਰੀਕ ਹੋਣ ਦੇ ਨਾਤੇ, ਵਾਹਿਗੁਰੂ ਆਪ ਹੀ ਜਾਣਦਾ ਹੈ ਕਿ ਉਹ ਕਿੱਡਾ ਵੱਡਾ ਹੈ । ਪਉੜੀ ਦੇ ਅੰਤ ਵਿੱਚ, ਗੁਰੂ ਜੀ ਫ਼ਰਮਾਉਂਦੇ ਹਨ ਕਿ ਜਿੰਨੀ ਕੁ ਸੂਝ-ਬੂਝ ਦੀ ਦਾਤਿ, ਸਾਨੂੰ ਪ੍ਰਾਪਤ ਹੈ ਉਹ ਵਾਹਿਗੁਰੂ ਦੀ ਮੇਹਰ ਦੀ ਨਜ਼ਰ ਤੇ ਬਖਸ਼ਸ਼ ਦਾ ਸਦਕਾ ਹੈ, ਕਿਸੇ ਸਾਡੇ ਗੁਣ ਜਾਂ ਯੋਗਤਾ ਦੇ ਕਾਰਨ ਨਹੀਂ ।

**ਵੀਚਾਰ** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਸਤਕ-ਵਾਕ, ਅਥਵਾ, ਪਰਪੱਕ ਪ੍ਰਭ-ਵਿਸ਼ਵਾਸ ਦੀ, ਆਧਾਰਸ਼ਿਲਾ ਦੇ ਇਹ ਪੰਜ ਪਹਿਲੂ ਜਾਂ ਥੰਮ ਕਹੇ ਜਾ ਸਕਦੇ ਹਨ:-

**ਪਹਿਲਾ** ਪ੍ਰਮਾਤਮਾ ਇੱਕ ਤੇ ਕੇਵਲ ਇੱਕ ਹੈ । ਉਹ "ਇੱਕ ਓਅੰਕਾਰ" ਹੈ । ਪ੍ਰਮਾਣ ਹੈ:-
ਏਕੋ ਹੈ, ਭਾਈ ਏਕੋ ਹੈ, ਸਾਹਿਬੁ ਮੇਰਾ ਏਕੋ ਹੈ । (ਗੁਰੂ ਨਾਨਕ)

**ਦੂਜਾ** ਉਹ ਸਤਿ ਅਤੇ ਹੋਂਦ ਵਾਲਾ ਹੈ; ਭਾਵ, Existential ਹੈ । ਉਸ ਦੀ ਹਸਤੀ ਕੇਵਲ ਇੱਕ ਕਲਪਨਾ ਹੀ ਨਹੀਂ ਸਗੋਂ ਹਕੀਕਤ ਹੈ । ਸ੍ਰੀ ਦਸ਼ਮੇਸ਼ ਜੀ, ਉਸ ਨੂੰ "ਸਚਦਾ ਨੰਦ" ਭਾਵ - ਸਤਿ,ਚਿਤ, ਅਨੰਦ ਕਰਕੇ ਪੁਕਾਰਦੇ ਹਨ, ਅਤੇ ਗੁਰੂ ਨਾਨਕ ਦੇਵ ਜੀ—
"ਸਤਿ ਸੁਹਾਣੁ ਸਦਾ ਮਨਿ ਚਾਉ ॥" ਕਰ ਕੇ ।

**ਤੀਜਾ** ਉਹ, ਦਿਸਦੀ ਅਤੇ ਅਣ ਦਿਸਦੀ, ਸਾਰੀ ਰਚਨਾ ਦਾ ਕਰਤਾ ਹੁੰਦਾ ਹੋਇਆ, ਇਸ ਵਿੱਚ ਵਿਆਪਕ ਹੈ । ਆਪਣੀ ਕਿਰਤ ਤੋਂ ਵੱਖਰਾ ਨਹੀਂ । ਉਹ ਕਰਤਾ ਪੁਰਖ ਹੈ । ਪੁਰਖ ਤੋਂ ਭਾਵ ਹੈ ਵਿਆਪਕ

**ਚੌਥਾ** ਪ੍ਰਮਾਤਮਾ ਅਕਾਲ ਅਤੇ ਅਜੋਨੀ ਹੈ । ਪ੍ਰਮਾਣ ਹੈ : "ਅਮਰੁ, ਅਜੋਨੀ, ਜਾਤਿ ਨ ਜਾਲਾ" ਤਥਾ—"ਤੂ ਅਕਾਲ ਪੁਰਖੁ, ਨਾਹੀ ਸਿਰਿ ਕਾਲਾ ॥ (ਗੁਰੂ ਨਾਨਕ ਦੇਵ ਜੀ)

**ਪੰਜਵਾਂ** ਵਾਹਿਗੁਰੂ ਬੇਅੰਤ ਹੈ, ਅਨੰਤ ਹੈ, ਲਾ-ਮਹਦੂਦ ਹੈ । ਪ੍ਰਮਾਣ ਹੈ:- ਊਚ ਅਪਾਰ ਬੇਅੰਤ ਸੁਆਮੀ, ਕਉਣੁ ਜਾਣੈ ਗੁਣ ਤੇਰੇ (ਗੁਰੂ ਅਰਜਨ ਦੇਵ ਜੀ)

ਭਾਵੇਂ, ਅਕਾਲ ਪੁਰਖ ਵਾਹਿਗੁਰੂ ਦੀ ਹੋਂਦ ਵਿੱਚ, ਦ੍ਰਿੜ ਵਿਸ਼ਵਾਸ ਰੱਖਣ ਲਈ ਉਪ੍ਰੋਕਤ ਸਾਰੇ ਗੁਣਾਂ ਦਾ ਵਿਰਦ ਤੇ ਵਿਸ਼ਵਾਸ ਲਾਜ਼ਮੀ ਹੈ, ਪ੍ਰੰਤੂ ਸਾਡੀ ਅੱਜ ਦੀ ਵੀਚਾਰ ਦਾ ਵਿਸ਼ਾ ਤੇ ਕੇਂਦਰ ਹੈ ਜਪੁਜੀ ਦੀ ਇਹ ਤੁੱਕ-"ਏਹੁ ਅੰਤੁ ਨ ਜਾਣੈ ਕੋਇ ॥"

ਆਓ ਵੀਚਾਰੀਏ: —

ਸ੍ਰੀ ਗੁਰੂ ਨਾਨਕ ਦੇਵ ਜੀ ਦਾ, ਇੱਕ ਮਹਾਨ ਮਨੋਵਗਿਆਨੀ ਅਤੇ ਅਨੁਭਵੀ ਹੋਣ ਦੇ ਨਾਤੇ, ਪੂਰਨ ਵਿਸ਼ਵਾਸ ਹੈ ਕਿ ਨਿਰਮਲ ਭਉ, ਦਿਲੀ ਸਤਿਕਾਰ ਅਸ਼ਵਾ ਅਦਬ ਤੋਂ ਹੀ ਪਵਿੱਤਰ

ਪਿਆਰ-ਪ੍ਰੇਮ ਤੇ ਸ਼ਰਧਾ-ਭਗਤੀ ਦਾ ਅੰਕੁਰ ਫੁੱਟਦਾ ਹੈ। ਫੁਰਮਾਨ ਹੈ—"ਨਾਨਕ, ਜਿਨ ਮਨਿ ਭਉ, ਤਿਨਾ ਮਨਿ ਭਾਉ।" ਏਸੇ ਲਈ ਗੁਰੂ ਜੀ ਜਪੁ ਬਾਣੀ ਦੁਆਰਾ, ਮਨੁੱਖ ਦੇ ਮਨ ਤੇ ਬੋਲਾਂ ਵਿੱਚ, ਵਾਹਿਗੁਰੂ ਜੀ ਦੀ ਸਰੱਬਗਤਾ, ਵਡਿਤਣ ਅਤੇ ਬੇਅੰਤਤਾ ਦੇ ਨਿਰਮਲ ਭਉ ਤੇ ਅਦਬ ਦਾ, ਐਸਾ ਪ੍ਰਭਾਵ ਪੈਦਾ ਕਰਨ ਦਾ ਭਰਪੂਰ ਜਤਨ ਕਰਦੇ ਹਨ, ਜਿਸ ਅਦਬ ਅਥਵਾ ਭਉ ਨੂੰ ਭਾਈ ਨੰਦ ਲਾਲ ਜੀ ਆਪਣੇ ਦੀਵਾਨ ਦੀ ਪੰਜਵੀਂ ਗਜ਼ਲ ਵਿੱਚ, ਰੱਬ ਦੇ ਰਾਹ ਤੁਰਨ ਲਈ ਲਾਜ਼ਮੀ ਕਰਾਰ ਦਿੰਦੇ ਹਨ।

ਲਿਖਦੇ ਹਨ :—

'ਰਹ ਰਸਾਨੇ ਰਾਹਿ ਹੱਕ, ਆਮਦ ਅਦਬ।
ਹਮ ਬ-ਦਿਲ ਯਾਦਿ ਖ਼ੁਦਾਓ, ਹਮ ਬ-ਲਬ।"

ਚੇਤੇ ਰਹੇ-ਜਦ ਗੁਰਬਾਣੀ ਵਿੱਚ ਭਉ ਜਾਂ ਭੈ ਨੂੰ ਭਾਉ ਤੇ ਪ੍ਰੇਮ ਪਿਆਰ ਪੈਦਾ ਕਰਨ ਵਾਲਾ ਦੱਸਿਆ ਗਿਆ ਹੈ ਤਾਂ ਇਸ ਦੇ ਅਰਥ ਹਨ ਨਿਰਮਲ ਭਉ, ਅਦਬ ਤੇ ਸਤਿਕਾਰ, ਜਿਸ ਨੂੰ, ਅੰਗਰੇਜ਼ੀ ਵਿਚ Awe ਕਿਹਾ ਗਿਆ ਹੈ, ਨ ਕਿ fear, ਭਾਵ, ਕਿਸੇ ਜ਼ਾਬਰ ਜਾਂ ਦੁਸ਼ਟ ਜਬਰ ਤੇ ਕਹਿਰ ਤੋਂ ਪੈਦਾ ਹੋਇਆ ਡਰ ਤੇ ਸਹਿਮ।

ਭਾਵੇਂ ਸਾਰੇ ਜਪੁ ਸਾਹਿਬ ਵਿੱਚ ਹੀ, ਵਾਹਿਗੁਰੂ ਦੀ ਬੇਅੰਤਤਾ ਵੱਲ ਸੰਕੇਤ ਹਨ; ਪ੍ਰੰਤੂ ਪੰਚ ਪਰਵਾਣ, ਪੰਚ ਪਰਧਾਨੁ. "ਅਸੰਖ ਜਪ, ਅਸੰਖ ਭਾਉ", "ਪਾਤਾਲਾਂ ਪਾਤਾਲ", "ਅੰਤੁ ਨ ਸਿਫਤੀ, ਕਹਣਿ ਨ ਅੰਤੁ", "ਬਹੁਤਾ ਕਰਮੁ, ਲਿਖਿਆ ਨ ਜਾਇ". ਅਮੁਲ ਗੁਣ, ਅਮੁਲ ਵਾਪਾਰ," "ਸੋਦਰੁ ਕੇਹਾ ਸੋ ਘਰੁ ਕੇਹਾ", ਅਤੇ ਮੁਢਲੀਆਂ ਪੰਜਾਂ ਪਉੜੀਆਂ ਵਿੱਚ, ਪ੍ਰਭ-ਬੇਅੰਤਤਾ ਦਾ ਅਨੂਠਾ ਬਿਆਨ, ਭਾਵ ਵਿਸਮਾਦਤ ਅਤੇ ਮੰਨ-ਮੁਗਧ ਕਰ ਦਿੰਦਾ ਹੈ। ਉਸ ਦੀ ਬੇਅੰਤਤਾ ਦੇ ਗੁਣਾਂ ਨੂੰ ਜੇ ਕੋਈ ਮੂਰਖ ਬਿਆਨਣ ਦਾ ਦਾਅਵਾ ਜਾਂ ਹਠ ਕਰਦਾ ਹੈ, ਤਾਂ ਇਹ ਉਹੀ ਜਾਣਦਾ ਹੈ ਕਿ ਅੰਤ ਵਿੱਚ, ਉਸ ਨੂੰ ਮੂੰਹ ਉੱਤੇ ਕਿੰਨੀਆਂ ਸੱਟਾਂ ਖਾਣੀਆਂ ਪੈਂਦੀਆਂ ਹਨ, ਭਾਵ ਲੱਜਾ ਉਠਾਉਣੀ ਪੈਂਦੀ ਹੈ ਗੁਰਵਾਕ ਹੈ:-

"ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ, ਜੇਤੀਆ ਮੁਹਿ ਖਾਇ ॥ (ਜਪੁ)

ਹੋਰ ਵੇਖੋ : ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ, ਰਾਗ-ਬੱਧ ਬਾਣੀ ਦਾ ਆਰੰਭ ਹੁੰਦਾ ਹੈ, ਤਾਂ ਗੁਰੂ ਜੀ ਸ੍ਰੀ ਰਾਗ ਦੇ ਦੂਜੇ ਸ਼ਬਦ "ਕੋਟਿ ਕੋਟੀ ਮੇਰੀ ਆਰਜਾ" ਵਿੱਚ ਹੀ, ਪ੍ਰਭੂ ਦੀ ਬੇਅੰਤਤਾ ਅਤੇ ਆਪਣੀ ਅਲਪੱਗਤਾ ਦਾ ਡਾਢੀ ਸਪਸ਼ਟਤਾ ਤੇ ਸਾਫਗੋਈ ਨਾਲ ਪ੍ਰਗਟਾ ਕਰਦੇ ਹਨ। ਇਸ ਸ਼ਬਦ ਦੇ ਅਰਥ ਭਾਵ ਨੂੰ ਕੁੱਝ ਇਵੇਂ ਕਿਹਾ ਤੇ ਸਮਝਿਆ ਜਾ ਸਕਦਾ ਹੈ।

(ਭਾਵਾਰਥ—"ਜੇ ਮੇਰੀ ਉਮਰ ਕਰੋੜਾਂ ਹੀ ਕਰੋੜਾਂ ਵਰ੍ਹੇ ਹੋ ਜਾਵੇ, ਹਵਾ ਹੀ ਮੇਰਾ ਪੀਣਾ ਤੇ ਖਾਣਾ ਹੋਵੇ, ਮੈਂ ਕਿਸੇ ਐਸੀ ਗੁਫਾ ਵਿੱਚ ਬੈਠ ਜਾਵਾਂ, ਜਿਥੇ ਚੰਦ ਤੇ ਸੂਰਜ ਮੈਨੂੰ ਨ ਦਿੱਸਣ ਸੁਪਨੇ ਵਿੱਚ ਵੀ ਨ ਸੌਂਵਾਂ, ਅਤੇ ਤੇਰਾ ਜੱਸ ਕਰਦਾ ਰਹਾਂ, ਫਿਰ ਵੀ ਹੇ ਕਰਤਾਰ ਤੂੰ ਇਤਨਾ ਬੇਅੰਤ ਤੇ ਵੱਡਾ ਹੈਂ ਕਿ ਮੈਥੋਂ ਤੇਰੀ ਕੀਮਤ ਨਹੀਂ ਪੈ ਸਕਦੀ; ਭਾਵ-ਤੇਰੇ ਗੁਣ ਬਿਆਨੇ ਨਹੀਂ ਜਾ ਸਕਦੇ।"

"ਅਸਲੀਅਤ ਇਹ ਹੈ ਕਿ ਸੱਚਾ ਨਿਰੰਕਾਰ, ਆਪਣੇ ਸਰੂਪ ਵਿੱਚ ਸਥਿਤ ਹੈ। ਮੈਂ ਤਾਂ ਉਸ ਦੇ ਗੁਣਾਂ ਨੂੰ ਏਧਰੋਂ ਉਧਰੋਂ ਸੁਣ ਸੁਣਾ ਕੇ ਹੀ ਗਾਉਂਦਾ ਹਾਂ। ਜਦ ਉਸ ਨੂੰ ਭਾਉਂਦਾ ਹੈ, ਤਾਂ ਉਹ ਮੇਹਰ ਕਰਕੇ ਕੁਝ ਜਣਾਉਂਦਾ ਅਤੇ ਤਿਲ ਮਾਤ੍ਰ ਕਹਿਣ ਦਾ, ਬਲ ਬਖਸ਼ਦਾ ਹੈ।" ਗੁਰੂ ਜੀ, ਏਸੇ ਵੀਚਾਰ ਨੂੰ ਫੇਰ ਦੁਹਰਾਉਂਦੇ ਹਨ—

'ਹੇ ਵਾਹਿਗੁਰੂ ਤੇਰੀ ਕੀਮਤ ਪਾਉਣ, ਅਥਵਾ ਅੰਤ ਲੈਣ ਲਈ, ਜੇ ਮੈਂ ਵਾਰ-ਵਾਰ ਕੁੱਠਿਆ ਤੇ ਕੋਹਿਆ ਜਾਵਾਂ, ਚੱਕੀ ਵਿੱਚ ਪਾ ਕੇ ਪੀਸਿਆ ਜਾਵਾਂ, ਅੱਗ ਵਿੱਚ ਪਾ ਕੇ ਸਾੜਿਆ ਤੇ ਸੁਆਹ ਕੀਤਾ ਜਾਵਾਂ, ਤਾਂ ਵੀ ਮੇਰੇ ਲਈ ਤੇਰਾ ਅੰਤ ਲੈਣਾ ਸੰਭਵ ਨਹੀਂ:—

"ਏਸੇ ਤਰ੍ਹਾਂ ਜੇ ਮੈਂ ਪੰਛੀ ਬਣ ਕੇ ਸੈਂਕੜੇ ਆਸਮਾਨਾਂ ਵਿੱਚ ਬਿਨਾਂ ਕੁੱਝ ਖਾਧੇ ਪੀਤੇ ਦੇ ਤੇਰਾ ਅੰਤ ਪਾਉਣ ਲਈ ਉਡਦਾ ਫਿਰਾਂ, ਲੱਖਾਂ ਮਣ ਕਾਗਜ਼ ਲੈਕੇ ਅਤੇ ਪਉਣ ਵਾਂਗ ਕਲਮ ਚਲਾਕੇ, ਤੇਰੀ ਸਿਫਤ-ਸਾਲਾਹ ਲਿਖਾਂ, ਅਤੇ ਕਦੀ ਸਿਆਹੀ ਦੀ ਥੁੜ ਵੀ ਨਾ ਵਾਪਰੇ, ਤਾਂ ਵੀ ਹੇ ਨਾਨਕ! ਮੇਰੇ ਲਈ ਤੇਰਾ ਅੰਤ ਲੈ ਸਕਣਾ ਸੰਭਵ ਨਹੀਂ।"

ਸੋ ਇਹ ਹੈ ਵੰਨਗੀ ਮਾਤ੍ਰ ਇੱਕ ਸ਼ਬਦ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧੁਰ ਅੰਦਰ ਵਸਦੀ ਪ੍ਰਭੂ-ਬੇਅੰਤਤਾ ਤੇ ਅਨੰਤਤਾ ਦੀ ਝਲਕ ਦਿੰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਜਦ ਵਾਹਿਗੁਰੂ ਦੀ ਬੇਅੰਤਤਾ ਦਾ ਜ਼ਿਕਰ ਕਰਦੇ ਹਨ, ਤਾਂ ਉਸ ਨੂੰ "ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ .. ......" ਕਹਿ ਕੇ ਵਡਿਆਉਂਦੇ ਹਨ। ਸਤਿਗੁਰਾਂ ਵੱਲੋਂ, ਅੱਜ ਤੋਂ ਚਾਰ ਸਦੀਆਂ ਪਹਿਲਾਂ ਕਿਹਾ ਗਿਆ, ਇਹ ਅਨੁਭਵੀ ਸੱਚ ਉਹੀ ਹੈ, ਜਿਸ ਨੂੰ ਅੱਜ ਸਾਇੰਸਦਾਨਾਂ ਨੇ ਕਈ ਪ੍ਰਯੋਗ ਕਰਨ ਉਪ੍ਰੰਤ ਅਪਣਾਇਆ ਹੈ। ਅੱਜ ਦੀ ਵਿਗਿਆਨਿਕ ਖੋਜ ਅਨੁਸਾਰ ਇੱਕ ਬ੍ਰਹਮੰਡ ਦਾ ਆਪਣਾ ਆਕਾਰ ਹੀ ਇਤਨਾ ਵੱਡਾ ਹੈ ਕਿ ਜੇ ਸਾਡੇ ਮੰਡਲ ਦੇ ਸੂਰਜ ਦੀ ਰੋਸ਼ਨੀ, ਬ੍ਰਹਮੰਡ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਸਫ਼ਰ ਕਰੇ, ਤਾਂ ਉਸ ਨੂੰ ਨੱਬੇ ਹਜ਼ਾਰ ਰੋਸ਼ਨੀ-ਸਾਲ (Light years) ਦਾ ਸਮਾਂ ਲੱਗੇਗਾ। ਸੂਰਜ ਦੀ ਰੋਸ਼ਨੀ ਇਕ ਸੈਕੰਡ ਵਿੱਚ 186000 ਮੀਲ ਦੇ ਕਰੀਬ ਸਫ਼ਰ ਕਰਦੀ ਹੈ।

ਦੂਜੇ, ਵਾਹਿਗੁਰੂ ਦੀ ਬੇਅੰਤਤਾ ਦਾ ਇਹ ਆਲਮ ਹੈ ਕਿ ਵਿਗਿਆਨੀਆਂ ਦੀ ਅੱਜ ਦੀ ਖੋਜ ਦੇ ਸਿੱਟੇ, ਕੱਲ੍ਹ ਨੂੰ ਬਦਲ ਜਾਂਦੇ ਹਨ। ਰੂਸੀ ਸਾਇੰਸਦਾਨਾਂ ਦਾ ਪਹਿਲਾ ਨਿਰਣਾ ਸੀ ਕਿ ਸਾਡਾ ਭੂ-ਮੰਡਲ ਬਣੇ ਨੂੰ ਸੱਤ ਅਰਬ ਸਾਲ ਦਾ ਸਮਾਂ ਹੋਇਆ; ਪ੍ਰੰਤੂ, ਉਨ੍ਹਾਂ ਦੀ ਹੀ ਬਾਅਦ ਦੀ ਖੋਜ ਨੇ ਇਹ ਸਿੱਧ ਕੀਤਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਅੱਜ ਤੋਂ 7 ਖਰਬ ਸਾਲ ਪਹਿਲਾਂ ਹੋਈ ਸੀ, ਵਿਗਿਆਨੀਆਂ ਅਥਵਾ ਪ੍ਰਭੂ-ਬੇਅੰਤਤਾ ਨੂੰ ਜਾਨਣ ਦਾ ਦਾਅਵਾ ਕਰਨ ਵਾਲੇ ਲੋਕਾਂ ਬਾਰੇ, ਕੁੱਝ ਇਉਂ ਕਿਹਾ ਜਾ ਸਕਦਾ ਹੈ:

"ਹਮ ਨੇ ਯਿਹ ਜਾਨਾ ਥਾ ਕਿ ਇਲਮ ਸੇ ਕੁਛ ਜਾਨੇਂਗੇ,
ਜਾਨਾ ਤੋ ਯਿਹ ਜਾਨਾ, ਕਿ ਨ ਜਾਨਾ ਕੁਛ ਭੀ"।

ਹਕੀਕਤ ਇਹ ਹੈ ਕਿ ਜਾਣੇ ਤੇ ਖੋਜੇ ਗਏ ਨਾਲੋਂ, ਅਨਜਾਣਿਆ ਕਈ ਗੁਣਾ ਵੱਧ ਹੈ। ਆਖਰ, ਕੁੱਲ ਵਿਗਿਆਨੀ, ਕੁਦਰਤੀ ਅਸੂਲਾਂ ਅਨੁਸਾਰ ਹੀ ਕੰਮ ਕਰਦੇ ਹਨ। ਆਪਣੇ ਪਾਸੋਂ ਉਹ ਕੋਈ ਨੇਮ ਨਹੀਂ ਘੜ ਸਕਦੇ।

ਸਮੂਹ ਅਧਿਆਤਮਵਾਦੀਆਂ ਦਾ ਇਹ ਨਿਰਣਾ ਹੈ ਕਿ ਮਨੁੱਖ, ਪ੍ਰਭੂ ਦੀ ਅੰਸ਼ ਹੈ: — ਜਿਵੇਂ "ਕਹੁ ਕਬੀਰ ਹਮ ਰਾਮ ਕੀ ਅੰਸ ।" ਸਵਾਲ ਪੈਦਾ ਹੁੰਦਾ ਕਿ ਮਨੁੱਖ ਕੁੱਲ ਕਾਇਨਾਤ ਵਿੱਚ ਸ਼੍ਰੋਮਣੀ ਹੋਣ ਦੇ ਨਾਤੇ ਵਾਹਿਗੁਰੂ ਨੂੰ ਪੂਰੇ ਤੌਰ ਤੇ ਕਿਉਂ ਨਹੀਂ ਜਾਣ ਸਕਦਾ ਇਸ ਦਾ ਉੱਤਰ ਹੈ ਕਿ ਇਨਸਾਨ ਕਿਉਂ ਕਿ ਵਾਹਿਗੁਰੂ ਦਾ ਹੀ ਅੰਸ਼ ਹੈ, ਅੰਗੀ ਦਾ ਇੱਕ ਅੰਗ ਹੈ ਜਾਂ ਕੁੱਲ ਦਾ ਇੱਕ ਜੁਜ਼ ਹੈ, ਇਸ ਲਈ ਉਹ ਕੁੱਲ ਨੂੰ ਨਹੀਂ ਜਾਣ ਸਕਦਾ । ਜਿਵੇਂ ਬੁੱਲਬੁਲਾ ਜਾਂ ਲਹਿਰ ਕਦੀ ਵੀ ਸਾਗਰ ਨੂੰ ਪੂਰੇ ਤੌਰ ਉੱਤੇ ਨਹੀਂ ਜਾਣ ਸਕਦੇ । ਹਾਂ, ਜਿਸ ਨੂੰ ਵਾਹਿਗੁਰੂ ਦੀ ਝਲਕ ਪ੍ਰਾਪਤ ਹੁੰਦੀ ਹੈ. ਉਸ ਨੂੰ ਉਹ ਗੂੰਗੇ ਦੇ ਮਿਠਿਆਈ ਖਾਣ ਸਮਾਨ, ਮਾਣ ਤਾਂ ਸਕਦਾ ਹੈ, ਪਰ ਬਿਆਨ ਨਹੀਂ ਕਰ ਸਕਦਾ ਇਸ ਸੰਬੰਧ ਵਿੱਚ ਸ਼ਾਇਰ ਦਾ ਇਹ ਕਥਨ ਡਾਢਾ ਭਾਵ-ਪੂਰਤ ਹੈ :-

"ਪਤਾ ਤੇਰਾ ਪੂਛੂੰ, ਤੋ ਕਿਸ ਸੇ ਮੈਂ ਪੂਛੂੰ
ਜਿਸੇ ਕੁਛ ਖਬਰ ਹੈ, ਵੁ ਹੀ ਬੇ-ਖ਼ਬਰ ਹੈ ।

ਸੋ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਮੰਨਤ ਡਾਢੀ ਕਲਿਆਨ-ਕਾਰੀ ਹੈ:-

"ਏਹੁ ਅੰਤੁ, ਨ ਜਾਣੈ ਕੋਇ । ਬਹੁਤਾ ਕਹੀਐ, ਬਹੁਤਾ ਹੋਇ ।

ਤਥਾ— "ਜੇਵਡ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥ (ਜਪੁ)

(1186, ਸੈਕਟਰ 18-ਸੀ. ਚੰਡੀਗੜ੍ਹ)

★


## 'ਅੰਮ੍ਰਿਤ ਕੀਰਤਨ' ਵਿੱਚ ਛਪਣ ਵਾਲੇ ਇਸ਼ਤਿਹਾਰਾਂ ਸੰਬੰਧੀ ਵੇਰਵਾ

ਪਿਛਲਾ ਕਵਰ............1000 ਰੁਪਏ
ਕਵਰ ਦੇ ਅੰਦਰਲੇ ਪੰਨੇ..........800 ਰੁਪਏ
ਸਧਾਰਨ ਪੂਰਾ ਪੰਨਾ.......... 500 ਰੁਪਏ
ਸਧਾਰਨ ਅੱਧਾ ਪੰਨਾ.........250 ਰੁਪਏ
ਸਧਾਰਨ ਚੌਥਾਈ ਪੰਨਾ..........125 ਰੁਪਏ

# ਰਾਗ ਸ੍ਰੀ

ਪ੍ਰੋ. ਗੁਰਨਾਮ ਸਿੰਘ

ਰਾਗ ਸ੍ਰੀ ਇੱਕ ਪ੍ਰਾਚੀਨ ਰਾਗ ਹੈ। ਗੁਰਮਤਿ ਸੰਗੀਤ ਵਿੱਚ ਇਸ ਰਾਗ ਦੀ ਵਿਸ਼ੇਸ਼ ਮਹੱਤਤਾ ਇਹ ਹੈ ਕਿ ਲੜੀਵਾਰ ਰਾਗ ਵਿਧਾਨ ਦਾ ਆਰੰਭ ਇਸੇ ਰਾਗ ਤੋਂ ਕੀਤਾ ਗਿਆ ਹੈ। ਇਸ ਰਾਗ ਦੇ ਮਹੱਤਵ ਨੂੰ ਹੋਰ ਉਜਾਗਰ ਕਰਦਿਆਂ ਗੁਰੂ ਅਮਰਦਾਸ ਫੁਰਮਾਉਂਦੇ ਹਨ:—

'ਰਾਗਾਂ ਵਿਚ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ'

(ਵਾਰ ਸਿਰੀ ਰਾਗ ਮਹਲਾ ਤੀਜਾ)

ਭਾਈ ਗੁਰਦਾਸ ਅਨੁਸਾਰ

'ਰਾਗਨ ਮੈਂ ਸਿਰੀ ਰਾਗ ਪਾਰਸ ਪਖਯਾਨ ਹੈ'

ਰਾਗ ਰਾਗਣੀ ਪਰੰਪਰਾ ਅਨੁਸਾਰ ਇਹ ਰਾਗ ਵਿਸ਼ੇਸ਼ ਮਹੱਤਵ ਦਾ ਧਾਰਣੀ ਹੈ। ਪੁੰਡਰੀਕ ਬਿੱਠਲ, ਸ਼ਿਵ ਮੱਤ, ਰਾਗ ਰਾਣਵ ਮੱਤ ਅਤੇ ਹਨੂਮਾਨ ਮੱਤ ਅਨੁਸਾਰ ਕੀਤੇ ਗਏ ਰਾਗ ਵਰਗੀਕਰਣ ਵਿੱਚ ਇਸ ਨੂੰ ਮੁੱਖ ਰਾਗ ਮੰਨਿਆ ਗਿਆ ਹੈ। ਮਿਥਿਹਾਸਿਕ ਤੱਥਾਂ ਅਨੁਸਾਰ ਇਸ ਰਾਗ ਦੀ ਉਤਪਤੀ ਪਾਰਬਤੀ ਦੇ ਮੁੱਖ ਤੋਂ ਮੰਨੀ ਗਈ ਹੈ। ਆਧੁਨਿਕ ਥਾਟ ਪੱਧਤੀ ਅਨੁਸਾਰ ਇਸ ਨੂੰ ਪੂਰਵੀ ਥਾਟ ਦੇ ਅੰਤਰਗਤ ਰੱਖਿਆ ਜਾਂਦਾ ਹੈ। ਇਸ ਸਰੂਪ ਤੋਂ ਵੀ ਵਧੇਰੇ ਪ੍ਰਾਚੀਨ ਅਤੇ ਬਜ਼ੁਰਗ ਸਿੱਖ ਕੀਰਤਨੀਆਂ ਵਿੱਚ ਪ੍ਰਚਲਿਤ ਰਹੇ ਸਰੂਪ ਵਿੱਚ ਇਹ ਰਾਗ ਕਾਫ਼ੀ ਥਾਟ ਦੇ ਅੰਤਰਗਤ ਆਉਂਦਾ ਹੈ। ਇੱਥੇ ਇਹ ਗੱਲ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ ਕਿ 19ਵੀਂ ਸਦੀ ਤੋਂ ਪਹਿਲਾਂ ਹਿੰਦੁਸਤਾਨੀ ਸੰਗੀਤ ਦੇ ਸ਼ੁੱਧ ਥਾਟ ਦਾ ਸਰੂਪ ਆਧੁਨਿਕ ਕਾਫੀ ਥਾਟ ਸਮਾਨ ਸੀ ਪਰ 1813 ਈਸਵੀ ਵਿੱਚ ਨਗਮਾਤੇ ਆਸਫੀ ਦੇ ਲੇਖਕ ਮੁਹੰਮਦ ਰਜ਼ਾ ਨੇ ਰਾਗ ਰਾਗਨੀ ਪੱਧਤੀ ਦੀ ਕਰੜੀ ਆਲੋਚਨਾ ਕੀਤੀ ਅਤੇ ਸ਼ੁੱਧ ਥਾਟ ਬਿਲਾਵਲ ਨੂੰ ਮੰਨਿਆ। ਸ਼ੁੱਧ ਥਾਟ ਵਿੱਚ ਇਹ ਮਹਾਨ ਤਬਦੀਲੀ ਆ ਜਾਣ ਕਰਕੇ ਰਾਗ ਦੇ ਸੁਰ ਰੂਪਾਂ ਵਿੱਚ ਕਾਫੀ ਤਬਦੀਲੀ ਆ ਗਈ। ਸ੍ਰੀ ਰਾਗ ਦੇ ਉਪਲੱਬਧ ਦੋਵੇਂ ਰੂਪ ਵੀ ਇਸ ਤਬਦੀਲੀ ਦਾ ਨਤੀਜਾ ਹਨ। ਪ੍ਰਾਚੀਨ ਸ੍ਰੀ ਰਾਗ ਨਿਸਚੇ ਹੀ ਕਾਫੀ ਥਾਟ ਅਧੀਨ ਹੋਵੇਗਾ ਅਤੇ ਬਜ਼ੁਰਗ ਸੰਗੀਤ ਵਿਦਵਾਨਾਂ ਕੋਲੋਂ ਪ੍ਰਾਪਤ ਹੋਇਆ ਕਾਫੀ ਥਾਟ ਦਾ ਸ੍ਰੀ ਰਾਗ ਹੀ ਪੁਰਾਤਨ ਸਰੂਪ ਹੈ। ਪੂਰਵੀ ਥਾਟ ਅਤੇ ਕਾਫੀ ਥਾਟ ਦੇ ਸੁਰਾਂ ਦਾ ਮੂਲ ਰੂਪ ਇੱਕੋ ਹੀ ਹੈ ਪਰ ਥਾਟ ਅਨੁਸਾਰ ਉਨ੍ਹਾਂ ਦਾ ਸੁਰ ਰੂਪ ਤਬਦੀਲ ਕਰ ਦੇਣ ਨਾਲ ਬਾਕੀ ਨਿਯਮ ਸਮਾਨ ਰਹਿਣ ਉਤੇ ਵੀ ਸ੍ਰੀ ਰਾਗ ਪੂਰਵੀ ਥਾਟ ਅਤੇ ਕਾਫੀ ਥਾਟ ਅਧੀਨ ਆ ਜਾਂਦਾ ਹੈ। ਪੁਰਾਤਨ ਕਾਫੀ ਥਾਟ ਦਾ ਇਹ ਸਰੂਪ ਹੇਠ ਲਿਖੇ ਅਨੁਸਾਰ ਹੈ—

ਇਸ ਸਰੂਪ ਵਿੱਚ ਸ਼ੁੱਧ ਰਿਸ਼ਭ, ਸ਼ੁੱਧ ਮਧਿਅਮ, ਆਰੋਹ ਵਿੱਚ ਸ਼ੁੱਧ ਨਿਸ਼ਾਦ, ਗੰਧਾਰ, ਅਤੇ ਧੈਵਤ ਵਰਜਿਤ ਹਨ। ਅਵਰੋਹ ਵਿੱਚ ਨਿਸ਼ਾਦ ਕੋਮਲ, ਗੰਧਾਰ ਕੋਮਲ ਅਤੇ ਬਾਕੀ ਸਾਰੇ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ।

ਥਾਟ= ਕਾਫੀ, ਵਾਦੀ= ਰਿਸ਼ਭ, ਸੰਵਾਦੀ=ਪੰਚਮ,
ਸਮਾਂ=ਸ਼ਾਮ, ਜਾਤੀ ਔਡਵ-ਸੰਪੂਰਣ

ਆਰੋਹ— ਸਾ ਰੇ ਮ ਪ ਨੀ ਸਾਂ

ਅਵਰੋਹ - ਸਾਂ ਨੀ ਧ ਪ, ਮ ਗੁ ਰੇ ਰੇ ਸਾ

ਮੁੱਖ ਅੰਗ ਸਾ ਰੇ ਰੇ, ਸਾ, ਰੇ ਪ, ਮ ਗੁ ਰੇ ਸਾ

**ਸ੍ਰੀ ਰਾਗ (ਪੂਰਵੀ ਥਾਟ)**— ਆਧੁਨਿਕ ਸੰਗੀਤ ਸ਼ਾਸਤਰ ਅਨੁਸਾਰ ਇਸ ਦਾ ਨਾਦਾਤਮਕ ਸਰੂਪ ਇਸ ਪ੍ਰਕਾਰ ਹੈ—

ਆਰੋਹ ਵਿੱਚ ਰਿਸ਼ਭ ਕੋਮਲ, ਮਧਿਅਮ ਤੀਬਰ ਨਿਸ਼ਾਦ ਸ਼ੁੱਧ, ਧੈਵਤ ਅਤੇ ਗੰਧਾਰ ਵਰਜਿਤ ਹਨ। ਅਵਰੋਹ ਵਿੱਚ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਬਰ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ।

ਥਾਟ=ਪੂਰਵੀ, ਵਾਦੀ=ਰਿਸ਼ਭ, ਸੰਵਾਦੀ=ਪੰਚਮ,
ਨਿਆਸ ਸੁਰ=ਸਾ, ਰੁ, ਪਾ ਪ੍ਰਕ੍ਰਿਤੀ=ਗੰਭੀਰ, ਸਥਾਨ=ਮੰਦਰ ਤੇ ਮੱਧ ਸਪਤਕ

ਆਰੋਹ - ਸਾ, ਸਾ ਰੁ ਸਾ, ਰੁ ਰੁ ਪ ਨੀ ਸਾਂ

ਅਵਰੋਹ— ਸਾਂ ਨੀ ਧੁ ਪ, ਮ ਗ ਰੁ, ਰੁ ਸਾ

ਮੁੱਖ ਅੰਗ— ਸਾ, ਸਾ ਰੁ ਗਾ ਰੁ, ਸਾ, ਰੁ ਪ, ਮ ਗ ਰੁ, ਰੁ ਸਾ

ਕੁਝ ਸੰਗੀਤ ਵਿਦਵਾਨ ਇਸ ਦਾ ਵਾਦੀ ਪੰਚਮ ਅਤੇ ਸੰਵਾਦੀ ਸ਼ੜਜ ਮੰਨਦੇ ਹਨ। ਪਰ ਸ੍ਰੀ ਰਾਗ ਦੀਆਂ ਕਲਾਤਮਕ ਖੂਬੀਆਂ ਨੂੰ ਧਿਆਨ ਵਿੱਚ ਰੱਖਦਿਆਂ ਸੰਗੀਤ ਵਿਦਵਾਨਾਂ ਦੀ ਬਹੁਗਿਣਤੀ ਉਪਰੋਕਤ ਸਰੂਪ ਨੂੰ ਸਵੀਕਾਰਦੀ ਹੈ। ਰੁ ਪ, ਪ ਰੁ, ਰੁ ਰੁ ਸਾ ਧੁ ਧੁ ਪ, ਸੁਰ ਸੰਗਤੀਆਂ ਇਸ ਰਾਗ ਦੀ ਖੂਬਸੂਰਤੀ 'ਚ ਵਾਧਾ ਕਰਦੀਆਂ ਹਨ। ਸ਼ਾਸਤਰੀ ਦ੍ਰਿਸ਼ਟੀਕੋਣ ਅਨੁਸਾਰ ਰੁ ਉੱਪਰ ਕ੍ਰਮਵਾਰ ਸ਼ੜਜ ਅਤੇ ਗੰਧਾਰ ਦੀ ਕੰਣ ਛੋਹ ਇਸ ਰਾਗ ਦੀ ਮੌਲਿਕ ਵਿਸ਼ੇਸ਼ਤਾ ਹੈ। ਇਹ ਰਾਗ ਮਧੁਰ, ਗੰਭੀਰ ਅਤੇ ਸੁਤੰਤਰ ਕਿਸਮ ਦਾ ਰਾਗ ਹੈ। ਗੰਭੀਰ ਪ੍ਰਕਿਰਤੀ ਦਾ ਹੋਣ ਕਰਕੇ ਇਹ ਰਾਗ ਭਗਤੀ ਗੀਤਾਂ ਲਈ ਅਤਿ ਢੁਕਵਾਂ ਹੈ।

ਪੰਜਾਬੀ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸ੍ਰੀ ਰਾਗ

# ਸ਼ਬਦ ਸੰਗੀਤ ਲਿਪੀ

—ਭਾਈ ਅਵਤਾਰ ਸਿੰਘ
ਭਾਈ ਗੁਰਚਰਨ ਸਿੰਘ

## ਰਾਗ ਸ੍ਰੀ ਰਾਗ ਮਹਲਾ ੧

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੧ ॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈਂ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ੧ ॥ ਰਹਾਉ
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੨ ॥
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੩ ॥
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ । ੪ ॥ ੧ ॥

(ਪੰਨਾ ਗੁਰੂ ਗ੍ਰੰਥ ਸਾਹਿਬ 14)

ਸ੍ਰੀ ਰਾਗ

### ਰੂਪਕ (ਅਸਥਾਈ)

| | | | | | |
|---|---|---|---|---|---|
| ਸਮ | | | | | |
| 0 | ੨ | ੩ | 0। | ੨ | ੩ |
| ਰੁ ਗ ਗ ਰੁ | ਸ — | — — | ਪ ਪਮ ਧੁ | ਪ — | — — |
| ਹਰਿ ਬਿ ਨੁ | ਜੀ s | ਉ s | ਜਲਿ ਬ ਲਿ | ਜਾ s | ਉ s |
| ਤ | | | । | | |
| ਰੁ ਗ ਰੁ | ਸ — | — — | ਪ ਪਮ ਧੁ | ਪ — | — — |
| ਹਰਿ ਬਿ ਨੁ | ਜੀ s | ਉ s | ਜਲਿ ਬ ਲਿ | ਜਾ s | ਉ s |
| | | | ਪ | | |
| | ਨ | | । | | |
| ਪ ਨ — | ਧੁ — | ਪ — | ਮ — ਧੁ | ਪ — | — — |
| ਮੈਂ ਆ ਪ | ਣਾ s | ਗੁ ਰੁ | ਪੂ s ਛਿ | ਦੇ ਖਿ | ਆ s |
| | ਨ | | ਪ | | |
| ਨ — — | ਧੁ — | ਪ — | ਰੁ ਗ ਰੁ | ਸ — | — — |
| ਅ ਵ ਰੁ | ਨਾ s | ਹੀ s | ਥਾ s s | ਉ s | s s |
| ਰੁਗ | | | | | |
| ਹਰਿ | | | | | |

## ਅੰਤਰਾ


| | | | | | |
|---|---|---|---|---|---|
| ਪ — ਮ | ਪ — | ਨ — | ਸਂ — ਰੁਂ | ਸੁਂ — | — — |
| ਮੋ ਤੀ ਤ | ਮਂ S | ਦ ਰ | ਉ S ਸ | ਰ ਹਿ | S S |
| ਰੁਂ — — | ਗੁਂ — | ਰੁਂ ਸਂ | ਨ ਧੁ — | ਪ — | — — |
| ਰਤ ਨੀ ਤ | ਹੋ S | ਹਿ ਜ | ੜਾ S S | ਉ S | S S |
| ਪ — ਮ | ਪ — | ਨ ਨ | ਸਂ — ਰੁਂ | ਸਂ — | — — |
| ਕਸ ਤੂ ਰਿ | ਕੁੰ S | ਗੂ S | ਅ ਗ ਰਿ | ਚੰ S | ਦ ਨਿ |
| ਰੁਂ — — | ਗਂ — | ਰੁਂ ਸਂ | ਨ ਧੁ — | ਪ — | — — |
| ਲੀ S ਪਿ | ਆ S | ਵੈ S | ਚਾ S S | ਉ S | ਮ ਤੁ |
| ਨ — — | (ਨ) ਧੁ — | ਪ — | : ਪਮਂ — ਧੁ | ਪ — | — — |
| ਦੇ S ਖਿ | ਭੂ S | ਲਾ S | ਵੀ S ਸ | (ਪ) ਰੈ S | ਤੇ ਰਾ |
| ਨ — — | ਧੁਨ ਧੁ | ਪ — | ਰੁ ਗ ਰੁ | ਸ — | — — |
| ਚਿ ਤਿ ਨ | ਆ S | ਵੈ S | ਨਾ S S | ਉ S | S S |
| ਗ | | | | | |
| ਧੁ | | | | | |
| ਹਰਿ | | | | | |

ਨੋਟ : ਸ਼ਬਦ ਦੀਆਂ ਬਾਕੀ ਤੁਕਾਂ ਇਸੇ ਅੰਤਰੇ ਤੇ ਹੀ ਗਾਈਆਂ ਜਾਂਦੀਆਂ ਹਨ ।

# ਹਾਰਮੋਨੀਅਮ

ਸੰਤ ਸਰਵਣ ਸਿੰਘ ਜੀ
(ਡੁਮੇਲੀ ਵਾਲੇ)

ਸੰਗੀਤ ਵਰਗੀ ਕੋਮਲ ਕਲਾ ਨੂੰ ਸਿੱਖਣ ਲਈ ਹਰ ਵਿਅਕਤੀ ਦੇ ਅੰਦਰੋਂ ਇੱਕ ਲਾਲਸਾ ਉਠਦੀ ਰਹਿੰਦੀ ਹੈ। ਪਰ ਬਿਨਾਂ ਕਿਸੇ ਦੀ ਸਹਾਇਤਾ ਦੇ ਇਸ ਕਲਾ ਨੂੰ ਸਿੱਖਿਆ ਨਹੀਂ ਜਾ ਸਕਦਾ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਕੋਈ ਕਿਤਾਬ ਬਿਨਾਂ ਕਿਸੇ ਮਾਸਟਰ ਦੇ ਪੜ੍ਹਨੀ ਕਠਿਨ ਹੀ ਨਹੀਂ ਬਲਕਿ ਨਾ ਮੁਮਕਿਨ ਵੀ ਹੈ। ਜੇਕਰ ਕੋਈ ਵਿਅਕਤੀ ਕਿਸੇ ਕਿਤਾਬ ਨੂੰ ਇਕੱਲਿਆਂ ਪੜ੍ਹਨ ਦਾ ਜਤਨ ਕਰਦਾ ਹੈ ਤਾਂ ਉਸ ਵਿੱਚ ਕਈ ਅਜਿਹੇ ਸ਼ਬਦ ਆ ਜਾਂਦੇ ਹਨ ਜਿਨ੍ਹਾਂ ਨੂੰ ਕਿਸੇ ਉਸਤਾਦ ਦੇ ਬਿਨਾਂ ਸਮਝਣਾ ਔਖਾ ਹੋ ਜਾਂਦਾ ਹੈ। ਉਸਤਾਦ ਹੀ ਕਿਸੇ ਔਖੇ ਸ਼ਬਦ ਨੂੰ ਸਮਝਾ ਸਕਦਾ ਹੈ। ਸ਼ਬਦ ਦੇ ਅਰਥ ਤੋਂ ਇਲਾਵਾ ਉਸ ਦਾ ਸਹੀ ਉਚਾਰਣ ਵੀ ਉਸਤਾਦ ਪਾਸੋਂ ਸਿੱਖਿਆ ਜਾ ਸਕਦਾ ਹੈ। ਭਾਵੇਂ ਕੋਈ ਕਿਨਾ ਵੀ ਪੜ੍ਹ ਲਵੇ ਅਤੇ ਸ਼ਬਦਕੋਸ਼ਾਂ ਦਾ ਸਹਾਰਾ ਲੈ ਲਵੇ ਪਰ ਗੁਰੂ ਬਿਨਾਂ ਅਸਲੀ ਸਿੱਖਿਆ ਗ੍ਰਹਿਣ ਕਰਨੀ ਔਖੀ ਹੈ। ਜਿਹੜਾ ਬੱਚਾ ਹਾਲੇ ਪ੍ਰਾਇ-ਮਰੀ ਵਿੱਚ ਪੜ੍ਹਦਾ ਹੈ ਉਸ ਦੇ ਲਈ ਸ਼ਬਦ ਕੋਸ਼ ਵੀ ਕਾਲਾ ਅੱਖਰ ਭੈਂਸ ਬਰਾਬਰ ਹੈ।



ਸਾਡੇ ਕਹਿਣ ਦਾ ਅਰਥ ਇਹ ਹੈ ਕਿ ਸ਼ਬਦਕੋਸ਼ ਤੋਂ ਅਰਥ ਭਾਵ ਮਿਲ ਸਕਦਾ ਹੈ, ਲਫ਼ਜ਼ਾਂ ਦੀ ਪਛਾਣ ਹੋ ਸਕਦੀ ਹੈ ਪਰ ਲਫ਼ਜ਼ਾਂ ਦਾ ਸਹੀ ਉਚਾਰਣ ਕਿਸੇ ਅਧਿਆਪਕ ਜਾਂ ਪ੍ਰੋਫ਼ੈਸਰ ਪਾਸੋਂ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ। ਵੇਖਣ ਵਿੱਚ ਆਇਆ ਹੈ ਕਿ ਸ਼ਬਦ ਕੋਸ਼ਾਂ ਦੀ ਸਹਾਇਤਾ ਲੈ ਕੇ ਪੜ੍ਹਨ ਵਾਲੇ ਚੰਗੇ ਲੈਕਚਰਾਰ ਜਾਂ ਮਾਸਟਰ ਸਾਬਤ ਨਹੀਂ ਹੁੰਦੇ ਕਿਉਂਕਿ ਸਹੀ ਉਚਾਰਣ ਗੁਰੂ ਜਾਂ ਉਸਤਾਦ ਦੀ ਰਸਨਾਂ ਤੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਥੇ ਇਹ ਗੱਲ ਵਿਸ਼ੇਸ਼ ਤੌਰ ਤੇ ਵਰਣਨ ਯੋਗ ਹੈ ਕਿ ਸੰਗੀਤ ਵਰਗੀ ਵਿੱਦਿਆ ਜਿਸ

ਉਸਤਾਦ ਕੋਲੋਂ ਸਿੱਖੀ ਜਾਵੇ ਉਸ ਦੇ ਗਾਉਣ ਦਾ ਢੰਗ ਸ਼ਾਗਿਰਦਾਂ ਦੀ ਗਾਇਕੀ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਅਤੇ ਸ੍ਰੋਤਾਗਣ ਗਾਇਕ ਦੀ ਗਾਇਕੀ ਤੋਂ ਹੀ ਅੰਦਾਜ਼ਾ ਲਗਾ ਲੈਂਦੇ ਹਨ ਕਿ ਇਹ ਗਾਇਕੀ ਕਿਸ ਘਰਾਣੇ ਨਾਲ ਸੰਬੰਧਤ ਹੈ ।

ਜਿਸ ਤਰ੍ਹਾਂ ਕਿਸੇ ਵਿਦਿਆਰਥੀ ਨੂੰ ਪਹਿਲਾਂ ਕਿਤਾਬ ਅਤੇ ਬਾਦ ਵਿੱਚ ਮਾਸਟਰ ਦੀ ਲੋੜ ਹੈ ਉਸੇ ਤਰ੍ਹਾਂ ਸੰਗੀਤ ਦੇ ਵਿਦਿਆਰਥੀ ਨੂੰ ਰਾਗ ਵਿੱਦਿਆ ਸਿੱਖਣ ਲਈ ਕਿਸੇ ਸਾਜ਼ ਦੀ ਲੋੜ ਹੁੰਦੀ ਹੈ । ਇਹ ਸਾਜ਼ ਕੇਵਲ ਹਾਰਮੋਨੀਅਮ ਹੀ ਹੈ ਜਿਹੜਾ ਕਿ ਨਵੇਂ ਸਿਖਾਂਦਰੂ ਦੀ ਨੀਂਹ ਪੱਕੀ ਕਰ ਸਕਦਾ ਹੈ ।

ਬੇਸ਼ਕ ਸੰਗੀਤ ਵਿੱਚ ਤਾਰ ਸਾਜ਼ ਦਾ ਹੋਣਾ ਵੀ ਬੇਹੱਦ ਜ਼ਰੂਰੀ ਹੈ ਪਰ ਉਸ ਨੂੰ ਸੁਰ ਕਰਨਾ ਨਵੇਂ ਵਿਦਿਆਰਥੀ ਲਈ ਬਹੁਤ ਹੀ ਕਠਿਨ ਹੈ । ਇਹ ਇੱਕ ਠੋਸ ਸਚਾਈ ਹੈ ਕਿ ਬਿਨਾਂ ਸੁਰ ਗਿਆਨ ਤੋਂ ਕਿਸੇ ਤਾਰ ਸਾਜ਼ ਨੂੰ ਸੁਰ ਕਰਨਾ, ਵਜਾਉਣਾ ਅਤੇ ਉਸ ਨਾਲ ਆਵਾਜ਼ ਮਿਲਾ ਕੇ ਗਾਉਣਾ ਬਹੁਤ ਔਖਾ ਹੈ । ਹਾਂ ਜਿਨ੍ਹਾਂ ਕੋਲ ਕੁਦਰਤੀ ਸੁਰ ਗਿਆਨ ਹੁੰਦਾ ਹੈ ਉਹ ਤਾਨਪੁਰੇ ਨਾਲ ਗਾ ਵੀ ਸਕਦੇ ਹਨ ਅਤੇ ਸੁਰ ਕਰਨਾ ਵੀ ਛੇਤੀ ਸਿੱਖ ਸਕਦੇ ਹਨ । ਇਸ ਲਈ ਜਿਨ੍ਹਾਂ ਨੂੰ ਸੁਰ ਗਿਆਨ ਨਹੀਂ ਹੁੰਦਾ, ਉਹਨਾਂ ਲਈ ਹਾਰਮੋਨੀਅਮ ਬਹੁਤ ਜ਼ਿਆਦਾ ਉੱਤਮ ਹੈ । ਕਿਉਂਕਿ ਹਾਰਮੋਨੀਅਮ ਹੀ ਇੱਕ ਅਜਿਹਾ ਸਾਜ਼ ਹੈ ਜਿਸ ਨੂੰ ਸੁਰ ਕਰਨਾ ਨਹੀਂ ਪੈਂਦਾ ਅਤੇ ਇਸ ਦੀ ਵਰਤੋਂ ਦੂਜੇ ਸਾਜ਼ਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਅਸਾਨ ਹੈ । ਇਸ ਨਾਲ ਮਿਲਕੇ ਸੰਗੀਤ ਵਿੱਚ ਨਵਾਂ ਸੁਆਦ ਆਉਂਦਾ ਹੈ । ਇਸ ਨੂੰ ਸਿਖਣਾ ਕੋਈ ਔਖਾ ਨਹੀਂ । ਆਉ, ਹੁਣ ਵੇਖੀਏ ਕਿ ਹਾਰਮੋਨੀਅਮ ਕਿਸ ਨੂੰ ਆਖਿਆ ਜਾਂਦਾ ਹੈ ਅਤੇ ਇਹ ਹੋਂਦ ਵਿੱਚ ਕਦੋਂ ਅਤੇ ਕਿਸ ਤਰ੍ਹਾਂ ਆਇਆ ?

ਹਾਰਮੋਨੀਅਮ ਪੱਛਮੀ ਦੇਸ਼ ਦਾ ਵਿਗਿਆਨਕ ਅਤੇ ਸੁਧਰਿਆ ਹੋਇਆ ਸਾਜ਼ ਹੈ । ਇਸ ਦਾ ਪ੍ਰਚਾਰ ਭਾਰਤ ਵਰਸ਼ ਵਿੱਚ ਅੱਜ ਕੱਲ੍ਹ ਬਹੁਤ ਜਿਆਦਾ ਹੋ ਗਿਆ ਹੈ । ਹਾਰਮੋਨੀਅਮ ਸ਼ਬਦ ਗਰੀਕ ਭਾਸ਼ਾ ਦੇ ਹਾਰਮਨੀ (Harmony) ਸ਼ਬਦਾਂ ਨਾਲ ਸੰਬੰਧਤ ਹੈ । ਹਾਰਮਨੀ (Harmony) ਸ਼ਬਦ ਪੱਛਮੀ ਸੰਗੀਤ ਦਾ ਆਧਾਰ ਹੈ ਜਿਸ ਦਾ ਅਰਥ ਸੁਰ-ਸੰਬਾਦ ਹੈ । ਭਾਵ, ਇੱਕਠੇ ਦੋ-ਦੋ ਜਾਂ ਦੋ ਤੋਂ ਜ਼ਿਆਦਾ ਸੁਰਾਂ ਨੂੰ ਮਧੁਰ ਭਾਸ਼ਾ ਨਾਲ ਉਤਪੰਨ ਕਰਨਾ । ਹਾਰਮੋਨੀਅਮ ਨੂੰ "ਸੁਰ ਮੰਜੂਸਾ" ਜਾਂ ਸੁਰ ਪੇਟੀ ਆਦਿ ਨਾਂਵਾਂ ਨਾਲ ਵੀ ਪੁਕਾਰਿਆ ਜਾਂਦਾ ਹੈ ।

ਵਿਦਵਾਨਾਂ ਦਾ ਕਥਨ ਹੈ ਕਿ ਹਾਰਮੋਨੀਅਮ ਦਾ ਆਵਿਸ਼ਕਾਰ ਫਰਾਂਸ ਦੇ ਪੈਰਿਸ ਸ਼ਹਿਰ ਵਿੱਚ ਸਨ 1840 ਈ. ਵਿਚ "ਅਲੈਗਜੈਂਡਰ ਡੈਬੇਨ" ਨੇ ਕੀਤਾ ਸੀ । ਉਸ ਦੇ ਸਮੇਂ ਦੌਰਾਨ ਪੱਛਮੀ ਦੇਸ਼ਾਂ ਵਿੱਚ ਪਿਆਨੋ ਨਾਂ ਵਾਲੇ ਸਾਜ਼ ਦਾ ਬਹੁਤ ਜ਼ਿਆਦਾ ਪ੍ਰਚਾਰ ਸੀ । ਇਸੇ ਪਿਆਨੋ ਦੀ ਸਹਾਇਤਾ ਨਾਲ "ਡੇਬੇਨ"ਨੇ ਹਾਰਮੋਨੀਅਮ ਦਾ ਆਵਿਸ਼ਕਾਰ ਕੀਤਾ । ਹਾਰਮੋਨੀਅਮ ਦੇ ਸੁਰ "ਫਰੀ-ਰੀਡ" ਅਖਵਾਉਂਦੇ ਹਨ । ਇਹ ਧਾਤੂ ਦੇ ਬਣੇ ਹੋਏ ਹੁੰਦੇ ਹਨ ਤੇ ਇਹਨਾਂ ਦੇ ਵਿੱਚ ਇੱਕ ਪਤਲੀ ਜਿਹੀ ਪੱਤੀ ਲੱਗੀ ਹੁੰਦੀ ਹੈ ਜੋ ਹਵਾ ਦੇ ਟਕਰਾਉਣ ਨਾਲ ਕੰਪਨ ਪੈਦਾ ਕਰਦੀ ਹੈ। ਹਾਰਮੋਨੀਅਮ ਦੇ ਪੱਖੇ ਰਾਹੀਂ 'ਰੀਡਜ਼' ਵਿੱਚ ਹਵਾ ਪੁਚਾਈ ਜਾਂਦੀ ਹੈ । ਹਵਾ ਦੇ ਟਕਰਾਉਣ ਨਾਲ ਰੀਡਜ਼ ਦੀਆਂ ਪੱਤੀਆਂ ਕੰਬਣ ਲਗਦੀਆਂ ਹਨ ਅਤੇ ਇਸ ਤਰ੍ਹਾਂ ਸੁਰ ਉਤਪੰਨ ਹੁੰਦੇ ਹਨ ।

ਹਾਰਮੋਨੀਅਮ ਦੇ ਉੱਪਰਲੇ ਹਿੱਸੇ ਤੇ ਸੁਰਾਂ ਨੂੰ ਉਤਪੰਨ ਕਰਨ ਲਈ ਲੱਕੜੀ ਦੀਆਂ ਪੇਟੀਆਂ ਲੱਗੀਆਂ ਹੁੰਦੀਆਂ ਹਨ। ਇਹਨਾਂ ਨੂੰ ਪਰਦੇ ਆਖਿਆ ਜਾਂਦਾ ਹੈ। ਇਹ ਪਰਦੇ ਹਾਰਮੋਨੀਅਮ ਦੇ ਰੀਡਜ਼ ਨੂੰ ਇੱਕ ਪਾਸਿਉਂ ਬੰਦ ਰੱਖਦੇ ਹਨ। ਇਸ ਤਰ੍ਹਾਂ ਰੀਡਜ਼ ਵਿੱਚੋਂ ਹਵਾ ਨਹੀਂ ਨਿਕਲ ਸਕਦੀ ਅਤੇ ਆਵਾਜ਼ ਵੀ ਪੈਦਾ ਨਹੀਂ ਹੁੰਦੀ। ਪਰ ਜਦ ਪਰਦਿਆਂ ਨੂੰ ਉਂਗਲੀਆਂ ਨਾਲ ਦਬਾਇਆ ਜਾਂਦਾ ਹੈ ਤਾਂ ਰੀਡਜ਼ ਦੋਵੇਂ ਪਾਸਿਉਂ ਖੁੱਲ੍ਹ ਜਾਂਦੇ ਹਨ ਜਿਸ ਨਾਲ ਪੱਖੇ ਦੀ ਹਵਾ ਰੀਡਜ਼ ਵਿੱਚੋਂ ਨਿਕਲ ਜਾਂਦੀ ਹੈ ਅਤੇ ਧਵਨਿ (ਆਵਾਜ਼) ਪੈਦਾ ਹੁੰਦੀ ਹੈ। ਹਵਾ ਦੇ ਬੰਦ ਹੁੰਦਿਆਂ ਹੀ ਰੀਡਜ਼ ਦਾ ਕੰਪਨ ਵੀ ਬੰਦ ਹੋ ਜਾਂਦਾ ਹੈ ਤੇ ਆਵਾਜ਼ ਵੀ ਖਤਮ ਹੋ ਜਾਂਦੀ ਹੈ। ਹਾਰਮੋਨੀਅਮ ਦੋ ਪ੍ਰਕਾਰ ਦੇ ਹੁੰਦੇ ਹਨ—

1. **ਸਿੰਗਲ ਰੀਡਜ਼**
2. **ਡਬਲ ਰੀਡਜ਼**

ਜ਼ਿਆਦਾਤਰ ਹਾਰਮੋਨੀਅਮ ਤਿੰਨ ਜਾਂ ਸਾਢੇ ਤਿੰਨ ਸਪਤਕਾਂ ਦੇ ਹੁੰਦੇ ਹਨ।

ਹਾਰਮੋਨੀਅਮ ਨੂੰ ਆਧੁਨਿਕ ਸੰਗੀਤ ਵਿੱਚ ਬਹੁਤ ਹੀ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਇਸ ਸਾਜ਼ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਬਣਾਵਟ ਬਹੁਤ ਹੀ ਸਾਦੀ ਹੁੰਦੀ ਹੈ। ਇਸੇਲਈ ਆਰੰਭਕ ਵਿਦਿਆਰਥੀ ਜਾਂ ਛੋਟਾ ਜਿਹਾ ਬੱਚਾ ਵੀ ਇਸ ਨੂੰ ਵਜਾ ਸਕਦਾ ਹੈ। ਕਿਉਂਕਿ ਬਾਕੀ ਤਾਰ-ਸਾਜ਼ਾਂ ਵਾਂਗ ਇਸ ਦੇ ਸੁਰ ਉਤਾਰੇ ਜਾਂ ਚੜ੍ਹਾਏ ਨਹੀਂ ਜਾ ਸਕਦੇ। ਇਸ ਦੇ ਸੁਰ ਮਿਲੇ ਹੋਏ ਹੁੰਦੇ ਹਨ।

ਖਾਲੀ ਪੱਖਾ ਖੋਹਲ ਕੇ ਪਰਦੇ ਉੱਪਰ ਉਂਗਲੀਆਂ ਰੱਖਣ ਨਾਲ ਆਵਾਜ਼ ਨਿਕਲਣ ਲੱਗ ਪੈਂਦੀ ਹੈ। ਵਿਦਿਆਰਥੀਆਂ ਤੋਂ ਲੈ ਕੇ ਵੱਡੇ ਤੋਂ ਵੱਡੇ ਸੰਗੀਤਕਾਰ ਵੀ ਇਸ ਸਾਜ਼ ਦਾ ਸਹਾਰਾ ਲੈ ਕੇ ਗਾਉਂਦੇ ਹਨ। ਮਹਿਫਲਾਂ ਵਿੱਚ ਗਾਉਣ ਵਜਾਉਣ ਲਈ ਇਹ ਬਹੁਤ ਹੀ ਮੁਨਾਸਬ ਸਾਜ਼ ਹੈ। ਇਸ ਸਾਜ਼ ਦੇ ਕਿਸੇ ਵੀ ਸੁਰ ਨੂੰ 'ਸਾ' ਮੰਨ ਕੇ ਗਾਇਆ ਵਜਾਇਆ ਜਾ ਸਕਦਾ ਹੈ। ਹਾਰਮੋਨੀਅਮ ਦੇ ਕੁਝ ਜ਼ਰੂਰੀ ਹਿੱਸੇ ਨਿਮਨ ਲਿਖਿਤ ਹਨ—

1. **ਸਟੌਪਜ** -- ਹਾਰਮੋਨੀਅਮ ਦੇ ਅਗਲੇ ਪਾਸੇ ਚਾਰ ਜਾਂ ਪੰਜ ਲਾਟੂ ਜਿਹੇ ਲੱਗੇ ਹੁੰਦੇ ਹਨ। ਇਹਨਾਂ ਨੂੰ ਸਟੌਪਜ਼ ਆਖਿਆ ਜਾਂਦਾ ਹੈ। ਵਜਾਉਣ ਤੋਂ ਪਹਿਲਾਂ ਇਹਨਾਂ ਨੂੰ ਬਾਹਰ ਵੱਲ ਖਿੱਚ ਲਿਆ ਜਾਂਦਾ ਹੈ ਤਾਂ ਜੋ ਇਹਨਾਂ ਰਾਹੀਂ ਹਵਾ ਅੰਦਰ ਜਾ ਸਕੇ। ਇਸ ਹਵਾ ਨਾਲ ਹੀ ਹਾਰਮੋਨੀਅਮ ਚੋਂ ਆਵਾਜ਼ ਪੈਦਾ ਹੁੰਦੀ ਹੈ।

2. **ਰੀਡ ਬੋਰਡ** — ਰੀਡ ਬੋਰਡ ਹਾਰਮੋਨੀਅਮ ਦੇ ਉਸ ਹਿੱਸੇ ਨੂੰ ਆਖਿਆ ਜਾਂਦਾ ਹੈ ਜਿੱਥੇ ਸਾਡੀਆਂ ਉਂਗਲਾਂ ਕੰਮ ਕਰਕੇ ਇਸ ਸਾਜ਼ ਚੋਂ ਸੰਗੀਤਮਈ ਲੈਅ ਪੈਦਾ ਕਰਦੀਆਂ ਹਨ। ਆਮ ਤੌਰ ਤੇ ਇਸ ਰੀਡ ਬੋਰਡ ਉੱਪਰ 39 ਰੀਡਜ਼ ਹੁੰਦੇ ਹਨ ਜਿਨ੍ਹਾਂ ਵਿਚੋਂ ਤਿੰਨ-ਤਿੰਨ ਰੀਡਜ਼ ਪੰਜਾਂ ਹਿੱਸਿਆਂ ਵਿੱਚ ਵੰਡੇ ਹੋਏ ਹੋਣ ਕਾਰਣ 15 ਉੱਪਰ ਅਤੇ ਬਾਕੀ ਦੇ 22 ਰੀਡਜ਼ ਹੇਠਾਂ ਹੁੰਦੇ ਹਨ। ਦੋ ਰੀਡ ਜ਼ਿਆਦਾ ਹੁੰਦੇ ਹਨ। ਇਕ ਉੱਪਰ ਅਤੇ ਇਕ ਹੇਠਾਂ ਵੱਲ ਤੇ ਇਸ ਤਰ੍ਹਾਂ ਕੁੱਲ 39 ਰੀਡਜ਼ ਹੁੰਦੇ ਹਨ।

ਇਹ ਰੀਡਜ਼ ਹਾਲੇ ਤੱਕ ਅਮਰੀਕਾ, ਜਰਮਨੀ ਅਤੇ ਫਰਾਂਸ ਆਦਿ ਦੇਸ਼ਾਂ ਤੋਂ ਹੀ ਬਣਕੇ ਆਉਂਦੇ ਸਨ ਪਰ ਹੁਣ ਸਾਡੇ ਦੇਸ਼ ਵਿੱਚ ਵੀ ਬਣਨ ਲੱਗ ਪਏ ਹਨ। ਸਵਦੇਸ਼ੀ ਰੀਡਜ਼ ਬਾਹਰੋਂ ਆਉਣ ਵਾਲੇ ਰੀਡਜ਼ ਦੇ ਮੁਕਾਬਲੇ ਵਿੱਚ ਪੂਰੇ ਨਹੀਂ ਉਤਰਦੇ।

3 **ਪੱਖਾ**— ਹਾਰਮੋਨੀਅਮ ਵਿੱਚ ਹਵਾ ਦੇਣ ਲਈ ਜਿਹੜੀ ਧੌਂਕਣੀ ਜਿਹੀ ਲੱਗੀ ਹੋਈ ਹੁੰਦੀ ਹੈ ਉਸ ਨੂੰ ਪੱਖਾ ਆਖਿਆ ਜਾਂਦਾ ਹੈ। ਪੱਖੇ ਦੋ ਹੁੰਦੇ ਹਨ। ਇੱਕ ਪੱਖਾ ਅੰਦਰ ਅਤੇ ਦੂਜਾ ਬਾਹਰ ਹੁੰਦਾ ਹੈ। ਬਾਹਰ ਵਾਲਾ ਪੱਖਾ ਹਾਰਮੋਨੀਅਮ ਦੇ ਪਿਛਲੇ ਪਾਸੇ ਹੁੰਦਾ ਹੈ ਅਤੇ ਇਸ ਨੂੰ ਖੱਬੇ ਹੱਥ ਨਾਲ ਚਲਾਇਆ ਜਾਂਦਾ ਹੈ। ਅੰਦਰ ਵਾਲਾ ਪੱਖਾ ਕਿਸ਼ਤੀ ਦੇ ਹੇਠਾਂ ਹੁੰਦਾ ਹੈ ਅਤੇ ਉਸ ਵਿੱਚ ਦੀ ਹੋ ਕੇ ਹੀ ਹਵਾ ਕਿਸ਼ਤੀ ਵਿੱਚ ਦਾਖਲ ਹੁੰਦੀ ਹੈ।

4. **ਕਿਸ਼ਤੀ**— ਕਿਸ਼ਤੀ ਹਾਰਮੋਨੀਅਮ ਦੇ ਉਸ ਹਿੱਸੇ ਨੂੰ ਆਖਿਆ ਜਾਂਦਾ ਹੈ ਜਿਹੜਾ ਇੱਕ ਸੰਦੂਕੜੀ ਦੀ ਸ਼ਕਲ ਵਿੱਚ ਹੁੰਦਾ ਹੈ। ਇਸ ਦੇ ਉੱਪਰ ਰੀਡ ਬੋਰਡ, ਪਿਛਲੇ ਪਾਸੇ ਪੱਖਾ ਅਤੇ ਸਾਹਮਣੇ ਸਟੌਪਜ਼ ਹੁੰਦੇ ਹਨ।

5. **ਸਪਰਿੰਗ ਦੀਆਂ ਤਾਰਾਂ**— ਇਹ ਤਾਰਾਂ ਅੰਦਰਲੇ ਪੱਖੇ ਦੇ ਹੇਠਾਂ ਵੱਲ ਲੱਗੀਆਂ ਹੋਈਆਂ ਹੁੰਦੀਆਂ ਹਨ। ਵੱਡੇ ਅਤੇ ਦਰਮਿਆਨੇ ਵਾਜੇ ਵਿੱਚ ਦੋ ਤਾਰਾਂ ਲਗਦੀਆਂ ਹਨ ਜਦ ਕਿ ਛੋਟੇ ਵਾਜੇ ਵਿੱਚ ਇੱਕੋ ਹੀ ਤਾਰ ਹੁੰਦੀ ਹੈ।

6. **ਕਮਾਨੀਆਂ** – ਇਹ ਕਮਾਨੀਆਂ ਰੀਡਜ਼ ਅਥਵਾ ਪਰਦਿਆਂ ਉੱਪਰ ਲੱਗੀਆਂ ਹੋਈਆਂ ਹੁੰਦੀਆਂ ਹਨ। ਇਹ ਪਰਦਿਆਂ, ਜਿਨ੍ਹਾਂ ਨੂੰ ਚਾਬੀਆਂ ਵੀ ਆਖਿਆ ਜਾਂਦਾ ਹੈ, ਨੂੰ ਦਬਾਈ ਰੱਖਦੀਆਂ ਹਨ। ਪਿੱਤਲ ਦੇ ਇਹ ਸਪਰਿੰਗ ਪਰਦੇ ਉੱਪਰ ਉਂਗਲੀ ਰੱਖਦੇ ਸਾਰ ਆਪਣੇ ਆਪ ਉੱਠ ਜਾਂਦੇ ਹਨ ਅਤੇ ਪਰਦਿਆਂ ਦੇ ਉਠਦੇ ਸਾਰ ਹੀ ਇਹ ਕਮਾਨੀ ਇੱਕ ਦਮ ਉਸ ਨੂੰ ਹੇਠਾਂ ਵੱਲ ਦਬਾਉਂਦੀ ਹੈ। ਇਸ ਦਾ ਲਾਭ ਇਹ ਹੈ ਕਿ ਜਿਸ ਰੀਡ ਉੱਪਰ ਅਸੀਂ ਉਂਗਲੀ ਰੱਖਦੇ ਹਾਂ ਉਹੋ ਰੀਡ ਹੀ ਆਵਾਜ਼ ਪੈਦਾ ਕਰਦੀ ਹੈ। ਜੇ ਕਰ ਇਹ ਸਪਰਿੰਗ ਨਾ ਹੋਣ ਤਾਂ ਸਾਰੀਆਂ ਦੀਆਂ ਸਾਰੀਆਂ ਸੁਰਾਂ ਹੀ ਇੱਕੋ ਵਾਰ ਬੋਲ ਉੱਠਣ।

# ਹਾਰਮੋਨੀਅਮ ਦੀ ਸੰਭਾਲ

ਭਾਵੇਂ ਕੋਈ ਕਿਤਾਬ ਹੋਵੇ ਜਾਂ ਸਾਜ਼, ਉਸ ਦੀ ਪੂਰੀ ਹਿਫਾਜ਼ਤ ਨਾਲ ਸੰਭਾਲ ਹੋਣੀ ਚਾਹੀਦੀ ਹੈ। ਜੇਕਰ ਇਹਨਾਂ ਦੀ ਸੰਭਾਲ ਨਾ ਕੀਤੀ ਜਾਵੇ ਤਾਂ ਇਹਨਾਂ ਦੇ ਖਰਾਬ ਹੋਣ ਦਾ ਅੰਦੇਸ਼ਾ ਹੁੰਦਾ ਹੈ। ਕਿਤਾਬਾਂ ਨੂੰ ਸਿਉਂਕ ਵਗੈਰਾ ਲੱਗ ਜਾਂਦੀ ਹੈ ਜਦ ਕਿ ਸਾਜ਼ ਨੂੰ ਜੰਗਾਲ ਅਤੇ ਸਲ੍ਹਾਬਾ ਆਦਿ ਖਰਾਬ ਕਰ ਦਿੰਦੇ ਹਨ। ਵੇਖਣ ਵਿੱਚ ਆਇਆ ਹੈ ਕਿ ਕਈ ਵਾਰ ਭਾਰੀ ਰਕਮਾਂ ਲਗਾ ਕੇ ਹਾਰਮੋਨੀਅਮ ਜਾਂ ਦੂਜੇ ਸਾਜ਼ ਖਰੀਦ ਲਏ ਜਾਂਦੇ ਹਨ ਪਰ ਉਹਨਾਂ ਦੀ ਠੀਕ ਤਰੀਕੇ ਨਾਲ ਸੰਭਾਲ ਨਾ ਹੋਣ ਕਾਰਣ ਉਹਨਾਂ ਨੂੰ ਜੰਗਾਲ ਜਾਂ ਸਲ੍ਹਾਬਾ ਕਾਰ-ਆਮਦ ਹਾਲਤਾਂ ਵਿੱਚ ਨਹੀਂ ਰਹਿਣ ਦਿੰਦੇ। ਕਿਉਂਕਿ ਹਾਰਮੋਨੀਅਮ ਦੇ ਪੱਖੇ ਨੂੰ ਸਾਬਰ ਲੱਗਾ ਹੋਇਆ ਹੁੰਦਾ ਹੈ ਇਸ ਲਈ ਉਹ ਸਲ੍ਹਾਬੇ ਨਾਲ ਪਾਟ ਜਾਂਦਾ ਹੈ। ਜਾਂ ਫੇਰ ਪੱਖਾ ਲੱਕੜ ਦੇ ਨਾਲ ਇੱਕ ਪਾਸੇ ਵੱਲ

ਇਕੱਠਾ ਹੋ ਕੇ ਜੁੜ ਜਾਂਦਾ ਹੈ । ਕਈ ਵਾਰ ਤਾਂ ਇਹਨਾਂ ਵਿੱਚ ਘਰੀਣੀਆਂ ਆਪਣਾ ਘਰ ਪਾ ਲੈਂਦੀਆਂ ਹਨ, ਮਧੋੜੀਆਂ ਦਾ ਖੱਖਰ ਲੱਗ ਜਾਂਦਾ ਹੈ ਅਤੇ ਜਾਲੇ ਆਦਿ ਲੱਗ ਜਾਂਦੇ ਹਨ । ਇਹਨਾਂ ਵਿੱਚ ਮੱਕੜੀਆਂ ਨੂੰ ਵੀ ਆਪਣਾ ਘਰ ਬਣਾਉਣ ਦਾ ਬੜਾ ਸੌਹਣਾ ਮੌਕਾ ਮਿਲ ਜਾਂਦਾ ਹੈ । ਜੇਕਰ ਹੋਰ ਕੁਝ ਨਾ ਹੋਵੇ ਤਾਂ ਚੂਹੇ ਜ਼ਰੂਰ ਇਸ ਨੂੰ ਟੁੱਕ ਕੇ ਇਸ ਵਿੱਚ ਮੋਰੀਆਂ ਕਰ ਦਿੰਦੇ ਹਨ । ਇਸ ਤਰ੍ਹਾਂ ਚੂਹੇ ਸਾਬਰ ਅਤੇ ਗੱਤੇ ਨੂੰ ਕੁਤਰ ਕੇ ਬਰਬਾਦ ਕਰ ਦਿੰਦੇ ਹਨ । ਅਜਿਹੀ ਹਾਲਤ ਵਿੱਚ ਜਦ ਵਾਜਾ ਵਜਾਉਣ ਲਈ ਖੋਲ੍ਹਿਆ ਜਾਂਦਾ ਹੈ ਤਾਂ ਉਹ ਵਾਜਾ ਨਾ ਰਹਿ ਕੇ ਲੱਕੜੀ ਦਾ ਇੱਕ ਖੋਖਾ ਜਿਹਾ ਹੀ ਨਜ਼ਰ ਆਉਂਦਾ ਹੈ । ਉਸ ਵਿੱਚੋਂ ਸਿਵਾ ਚੂਹੇ ਦੀਆਂ ਮੀਂਗਣਾਂ, ਜਾਲੇ ਅਤੇ ਮਿੱਟੀ ਆਦਿ ਦੇ ਹੋਰ ਕੁਝ ਨਹੀਂ ਮਿਲਦਾ ।

ਇਸ ਤਰ੍ਹਾਂ ਅਸੀਂ ਵਾਜਾ ਵਜਾਉਣ ਤੋਂ ਅਸਮਰਥ ਹੋ ਜਾਂਦੇ ਹਾਂ ਤੇ ਕੇਵਲ ਆਪਣੀ ਅਣਗਹਿਲੀ ਤੇ ਪਛਤਾਉਣਾ ਹੀ ਪੱਲੇ ਪੈਂਦਾ ਹੈ । ਇਸ ਲਈ ਜਿੱਥੇ ਅਸੀਂ ਪੜ੍ਹਨਾ ਜਾਂ ਕੀਰਤਨ ਕਰਨਾ ਪਸੰਦ ਕਰਦੇ ਹਾਂ ਉੱਥੇ ਸਾਨੂੰ ਆਪਣੇ ਸਾਜ਼ਾਂ ਦੀ ਸੰਭਾਲ ਵੀ ਪੂਰੀ ਤਰ੍ਹਾਂ ਕਰਨੀ ਚਾਹੀਦੀ ਹੈ ।

ਇਹਨਾਂ ਸਾਰੀਆਂ ਗੱਲਾਂ ਨੂੰ ਵੇਖਦੇ ਹੋਏ ਅਸੀਂ ਇੱਥੇ ਕੁਝ ਸੁਝਾਅ ਪੇਸ਼ ਕਰ ਰਹੇ ਹਾਂ । ਜੇਕਰ ਇਹਨਾਂ ਸੁਝਾਵਾਂ ਉੱਪਰ ਠੀਕ ਤਰੀਕੇ ਨਾਲ ਅਮਲ ਕੀਤਾ ਜਾਵੇ ਤਾਂ ਕਦੀ ਕੋਈ ਵੀ ਸਾਜ਼ ਖ਼ਰਾਬ ਨਹੀਂ ਹੋ ਸਕਦਾ ।

## ਸੁਝਾਅ

1. ਪਹਿਲਾ ਸੁਝਾਅ ਇਹ ਹੈ ਕਿ ਵਾਜਾ ਹਮੇਸ਼ਾਂ ਅੱਛੀ ਕਿਸਮ ਦਾ ਖ਼ਰੀਦਿਆ ਜਾਵੇ । ਉਸ ਵਿੱਚ ਸੈੱਟ ਸੁਚੱਜੀ ਕਿਸਮ ਦਾ ਹੋਣਾ ਚਾਹੀਦਾ ਹੈ । ਉਸ ਦੇ ਸੁਰ ਠੀਕ ਹੋਣੇ ਚਾਹੀਦੇ ਹਨ ਤਾਂ ਜੋ ਵਿਦਿਆਰਥੀ ਨੂੰ ਸੁਰ ਗਿਆਨ ਪੂਰੀ ਤਰ੍ਹਾਂ ਹੋ ਸਕੇ । ਕਿਉਂਕਿ ਨਵੇਂ ਸਿਖਾਂਦਰੂ ਨੇ ਵਾਜੇ ਨਾਲ ਹੀ ਪ੍ਰੈਕਟਿਸ ਕਰਨੀ ਹੁੰਦੀ ਹੈ ਇਸ ਲਈ ਜੇਕਰ ਵਾਜਾ ਬੇਸੁਰਾ ਹੋਵੇਗਾ ਤਾਂ ਸਿਖਾਂਦਰੂ ਦਾ ਸੁਰ ਵੀ ਬੇਸੁਰਾ ਹੋ ਜਾਵੇਗਾ ਤੇ ਜੇ ਵਾਜੇ ਦਾ ਸੈੱਟ ਸੁਰ ਵਿੱਚ ਹੋਵੇਗਾ ਤਾਂ ਸਿਖਾਂਦਰੂ ਦਾ ਸੁਰ ਵੀ ਗਾਉਂਦੇ-ਗਾਉਂਦੇ ਆਪਣੇ ਆਪ ਸੁਰ ਵਿੱਚ ਆ ਜਾਵੇਗਾ ਅਤੇ ਮਿਹਨਤ ਸਦਕਾ ਉਸ ਦਾ ਗਲਾ ਸੁਰੀਲਾ ਅਤੇ ਮਧੁਰ ਹੋ ਜਾਵੇਗਾ ।

2. ਦੂਸਰੀ ਗਲ ਇਹ ਕਿ ਜਿਸ ਪੁਸਤਕ ਜਾਂ ਸਾਜ ਤੋਂ ਗਿਆਨ ਗ੍ਰਹਿਣ ਕਰਨਾ ਹੋਵੇ ਉਸ ਦੀ ਸੰਭਾਲ ਬਹੁਤ ਹੀ ਜ਼ਰੂਰੀ ਹੈ । ਇਸ ਲਈ ਕੱਪੜੇ ਦੇ ਦੋ ਵੱਡੇ ਰੁਮਾਲ ਬਣਵਾ ਕੇ ਉਹਨਾਂ ਵਿੱਚ ਬੰਨ੍ਹ ਕੇ ਵਾਜੇ ਨੂੰ ਰੱਖਿਆ ਜਾਣਾ ਚਾਹੀਦਾ ਹੈ । ਜੇਕਰ ਦੋ ਰੁਮਾਲਾਂ ਦਾ ਪ੍ਰਬੰਧ ਨਾ ਹੋ ਸਕੇ ਤਾਂ ਘੱਟੋ ਘੱਟ ਇੱਕ ਰੁਮਾਲ ਤਾਂ ਜ਼ਰੂਰ ਹੋਣਾ ਚਾਹੀਦਾ ਹੈ । ਵਾਜੇ ਨੂੰ ਦੂਜੇ ਜਾਂ ਤੀਜੇ ਦਿਨ ਜ਼ਰੂਰ ਸਾਫ ਕੀਤਾ ਜਾਵੇ ਭਾਵੇਂ ਉਸ ਨੂੰ ਵਜਾਉਣਾ ਹੋਵੇ ਜਾਂ ਨਾ । ਪਰ ਵਾਜ਼ੇ ਨੂੰ ਖੋਲ੍ਹ ਕੇ ਉਸ ਦੀ ਸਫਾਈ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ ।

3. ਵਾਜੇ ਦੇ ਰੱਖਣ ਲਈ ਥਾਂ ਵੀ ਕੋਈ ਚੰਗੀ ਜਿਹੀ ਤਲਾਸ਼ ਕਰਨੀ ਚਾਹੀਦੀ ਹੈ । ਇਹ ਥਾਂ ਅਜਿਹੀ ਹੋਣੀ ਚਾਹੀਦੀ ਹੈ ਜਿੱਥੇ ਮਿੱਟੀ ਅਤੇ ਸਲ੍ਹਾਬੇ ਦਾ ਕੋਈ ਖਤਰਾ ਨਾ ਹੋਵੇ ।

4. ਵਾਜੇ ਨੂੰ ਕਿਸੇ ਅਲਮਾਰੀ ਜਾਂ ਬਕਸੇ ਵਿੱਚ ਰੱਖਣਾ ਬਹੁਤ ਹੀ ਉੱਤਮ ਹੈ ਤਾਂ ਜੋ ਕਿਸੇ ਪ੍ਰਕਾਰ ਦਾ ਕੀੜਾ, ਮਕੌੜਾ ਜਾਂ ਸਲ੍ਹਾਬਾ ਉਸ ਨੂੰ ਨੁਕਸਾਨ ਨਾ ਪੁਚਾ ਸਕੇ ! ਜੇਕਰ ਇਹਨਾਂ ਹਦਾਇਤਾਂ ਉੱਪਰ ਅਮਲ ਕੀਤਾ ਜਾਵੇ ਤਾਂ ਸਾਜ਼ ਕਦੀ ਵੀ ਖਰਾਬ ਨਹੀਂ ਹੋਵੇਗਾ ਅਤੇ ਉਸ ਨੂੰ ਸਦਾ ਹੀ ਵਰਤਿਆ ਜਾ ਸਕਦਾ ਹੈ ।

## ਹਾਰਮੋਨੀਅਮ ਨੂੰ ਵਜਾਉਣਾ, ਖੋਲ੍ਹਣਾ ਅਤੇ ਬੰਦ ਕਰਨਾ

ਜਿਸ ਵੇਲੇ ਹਾਰਮੋਨੀਅਮ ਨੂੰ ਵਜਾਉਣਾ ਹੋਵੇ ਤਾਂ ਉਸ ਦੇ ਰੀਡਜ਼ ਅਤੇ ਸਪਰਿੰਗ ਉੱਪਰ ਰੱਖੀ ਹੋਈ ਪੱਟੜੀ ਨੂੰ ਚੁੱਕ ਕੇ ਵੱਖ ਕਰ ਲਵੋ । ਇਸ ਪਿੱਛੋਂ ਉਸ ਦੇ ਸਟੌਪਜ਼ ਖੋਲ੍ਹੋ ਭਾਵੇਂ ਇਹ ਕਿ ਸਾਹਮਣੇ ਪਾਸੇ ਜਿਹੜੇ ਲਾਟੂ ਜਿਹੇ ਲੱਗੇ ਹੋਏ ਹਨ ਉਹਨਾਂ ਨੂੰ ਆਪਣੀ ਵੱਲ ਬਾਹਰ ਨੂੰ ਖਿੱਚ ਲਵੋ । ਇਹ ਲਾਟੂ ਪੰਜ ਹੁੰਦੇ ਹਨ । ਇਹਨਾਂ ਵਿੱਚੋਂ ਤਿੰਨ ਜਾਂ ਚਾਰ ਸਟੌਪਜ਼ ਨੂੰ ਖੋਲ੍ਹਣ ਤੋਂ ਬਾਦ ਧੌਂਪਾ ਖੋਲ੍ਹ ਦੇਵੋ ਅਤੇ ਉਸ ਨੂੰ ਖੱਬੇ ਹਥ ਨਾਲ ਹੌਲੀ ਹੌਲੀ ਚਲਾਓ । ਇਥੇ ਇਹ ਗੱਲ ਵਿਸ਼ੇਸ ਤੌਰ ਤੇ ਵਰਨਣ ਯੋਗ ਹੈ ਕਿ ਜਿਵੇਂ ਜਿਵੇਂ ਪੱਖਾ ਚਲਦਾ ਜਾਵੇ ਤਿਵੇਂ ਤਿਵੇਂ ਹੱਥ ਦੀਆਂ ਉਂਗ-ਲੀਆਂ ਵੀ ਪਰਦਿਆਂ ਉੱਪਰ ਬਰਾਬਰ ਚਲਦੀਆਂ ਰਹਿਣੀਆਂ ਚਾਹੀਦੀਆਂ ਹਨ । ਇਸ ਦਾ ਅਰਥ ਇਹ ਹੈ ਕਿ ਪੱਖਾ ਜਿਹੜਾ ਹਵਾ ਪੈਦਾ ਕਰਦਾ ਹੈ ਉਹ ਵਰਤੋਂ ਵਿੱਚ ਆਉਂਦੀ ਰਹੇ । ਜੇਕਰ ਇਸ ਪਾਸੇ ਵੱਲ ਉਚਿੱਤ ਧਿਆਨ ਨਾ ਦਿੱਤਾ ਗਿਆ ਤਾਂ ਪੱਖੇ ਦੇ ਫਟ ਜਾਣ ਦਾ ਡਰ ਹੁੰਦਾ ਹੈ ।

ਵਾਜੇ ਨੂੰ ਬੰਦ ਕਰਨ ਦੀ ਵਿਧੀ ਇਸ ਪ੍ਰਕਾਰ ਹੈ । ਜਦ ਤੁਸੀਂ ਵਾਜਾ ਵਜਾ ਚੁੱਕੋ ਅਤੇ ਉਸ ਨੂੰ ਸੰਭਾਲ ਕੇ ਰੱਖਣਾ ਹੋਵੇ ਤਾਂ ਸਭ ਤੋਂ ਪਹਿਲਾਂ ਰੀਡਜ਼ ਭਾਵ ਪੜਦਿਆਂ ਉੱਪਰ ਹੱਥ ਰੱਖ ਕੇ ਉਹਨਾਂ ਨੂੰ ਦਬਾਵੋ ਤਾਂ ਜੋ ਸਾਰੀ ਹਵਾ ਖਾਰਿਜ ਹੋ ਜਾਵੇ । ਫੇਰ ਆਪਣੀ ਹਥੇਲੀ ਨੂੰ ਪਰਦਿਆਂ ਉੱਪਰ ਰੱਖੇ ਹੋਏ ਹੀ ਪੱਖਾ ਬੰਦ ਕਰ ਦੇਵੋ । ਉਪਰੰਤ ਸਟੌਪਜ਼ ਨੂੰ ਬੰਦ ਕਰੋ ਤੇ ਫੇਰ ਉਸ ਦੇ ਉੱਪਰ ਫੱਟੀ ਜਾਂ ਢੱਕਣ ਰੱਖ ਕੇ ਕੱਪੜੇ ਵਿੱਚ ਬੰਨ੍ਹ ਦੇਵੋ ਜਾਂ ਬਕਸੇ ਵਿੱਚ ਰੱਖ ਦੇਵੋ ।

## ਹਾਰਮੋਨੀਅਮ ਵਜਾਉਣ ਦਾ ਤਰੀਕਾ

ਹਾਰਮੋਨੀਅਮ ਨੂੰ ਖੋਲ੍ਹਣ ਪਿੱਛੋਂ ਜਦ ਖੱਬੇ ਹੱਥ ਨਾਲ ਉਸ ਦਾ ਪੱਖਾ ਹੌਲੀ ਹੌਲੀ ਹਿਲਾਉਣਾ ਸ਼ੁਰੂ ਕਰੋ ਤਾਂ ਸੱਜੇ ਹੱਥ ਦੀਆਂ ਉਂਗਲੀਆਂ ਨਾਲ ਪਰਦਿਆਂ ਨੂੰ ਦਬਾਇਆ ਜਾਂਦਾ ਹੈ । ਆਮ ਤੌਰ ਤੇ ਤਿੰਨ ਵੱਡੀਆਂ ਉਂਗਲਾਂ ਤੋਂ ਹੀ ਕੰਮ ਲਿਆ ਜਾਂਦਾ ਹੈ । ਉਂਝ ਤੇ ਚੀਚੀ ਉਂਗਲੀ ਨਾਲ ਹੀ ਕੰਮ ਲੈਣ ਦਾ ਅਭਿਆਸ ਕੀਤਾ ਜਾਣਾ ਚਾਹੀਦਾ ਹੈ । ਇਸ ਨਾਲ ਅਗਲੇ ਸੁਰ ਨੂੰ ਠੀਕ ਤਰ੍ਹਾਂ ਨਾਲ ਦਬਾਉਣ ਵਿੱਚ ਮਦਦ ਮਿਲਦੀ ਹੈ । ਉਂਗਲ ਚਲਾਉਣ ਲਗਿਆਂ ਇਹ ਗੱਲ ਧਿਆਨ ਵਿੱਚ ਰੱਖੀ ਜਾਣੀ ਚਾਹੀਦੀ ਹੈ ਕਿ ਅੰਗੂਠਾ ਕਦੀ ਵੀ ਉਪਰਲੀਆਂ ਸੁਰਾਂ ਉੱਪਰ ਨਾ ਆਵੇ । ਬਾਕੀ ਦੀਆਂ ਉਂਗਲਾ ਵੀ ਸਿੱਧੀਆਂ ਅਤੇ ਅੱਗੇ ਪਿੱਛੇ ਹੋਣੀਆਂ ਚਾਹੀਦੀਆਂ ਹਨ । ਹੱਥ ਨੂੰ ਪੁੱਠਾ ਨਹੀਂ ਚਲਾਉਣਾ ਚਾਹੀਦਾ । ਇਸ ਤਰ੍ਹਾਂ ਕਰਨ ਨਾਲ ਇੱਕ ਤਾਂ ਹੱਥ ਨਹੀਂ ਚਲਦਾ

ਦੂਜੇ ਵਜਾਉਣ ਵੇਲੇ ਵੇਖਣ ਵਾਲੇ ਨੂੰ ਚੰਗਾ ਨਹੀਂ ਲੱਗਦਾ। ਇਸ ਲਈ ਉਂਗਲਾਂ ਨੂੰ ਸਿੱਧੀਆਂ ਹਿਲਾਉਣ ਵੱਲ ਵਿਸੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਵਾਜੇ ਉੱਪਰ ਉਂਗਲੀਆਂ ਕਦੀ ਵੀ ਸਿੱਧੀਆਂ ਨਹੀਂ ਰੱਖੀਆਂ ਜਾਣੀਆਂ ਚਾਹੀਦੀਆਂ। ਇਹਨਾਂ ਨੂੰ ਕੁਝ ਵਿੰਗੀਆਂ ਕਰਕੇ ਰੱਖਿਆਂ ਜਾਣਾ ਚਾਹੀਦਾ ਹੈ। ਇੱਕ ਉਂਗਲੀ ਇੱਕੋ ਸਮੇਂ ਇੱਕੋ ਹੀ ਪਰਦੇ ਜਾਂ ਸੁਰ ਉੱਪਰ ਰਹਿਣੀ ਚਾਹੀਦੀ ਹੈ। ਦੂਜੇ ਸੁਰ ਉੱਪਰ ਉਂਗਲੀ ਰੱਖਣ ਲੱਗਿਆਂ ਪਹਿਲੇ ਸੁਰ ਤੋਂ ਉਂਗਲੀ ਚੁੱਕ ਲੈਣੀ ਚਾਹੀਦੀ ਹੈ। ਉਂਗਲਾਂ ਸੁਰਾਂ ਉਪਰ ਪੋਲੀਆਂ-ਪੋਲੀਆਂ ਮਾਰਨੀਆਂ ਚਾਹੀਦੀਆਂ ਹਨ। ਜ਼ੋਰ ਨਾਲ ਮਾਰਨ ਕਾਰਨ ਖਟ-ਖਟ ਦੀ ਆਵਾਜ਼ ਪੈਦਾ ਹੁੰਦੀ ਹੈ ਤੇ ਨਾਲ ਹੀ ਵਾਜੇ ਨੂੰ ਵੀ ਨੁਕਸਾਨ ਪੁਜਦਾ ਹੈ। ਵਾਜਾ ਵਜਾਉਣ ਵੇਲੇ ਸਿੱਧਾ ਹੋ ਕੇ ਬੈਠਿਆ ਜਾਣਾ ਚਾਹੀਦਾ ਹੈ।

ਹਾਰਮੋਨੀਅਮ ਦੇ ਕਿਸੇ ਵੀ ਪਰਦੇ ਨੂੰ 'ਸਾ' ਮੰਨ ਕੇ ਗਾਇਆ ਜਾ ਸਕਦਾ ਹੈ ਪਰ ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਗਾਉਣ ਵਾਲੇ ਦੀ ਆਵਾਜ਼ 'ਸਾ' ਤੋਂ ਉੱਪਰ ਅਤੇ ਹੇਠਾਂ ਦੋਵੇਂ ਪਾਸੇ ਆ ਸਕੇ। ਇਸ ਲਈ ਆਪਣੀ ਆਵਾਜ਼ ਮੁਤਾਬਕ 'ਸਾ' ਰੱਖਿਆ ਜਾਣਾ ਚਾਹੀਦਾ ਹੈ ਜਿਸ ਨੂੰ ਕਿ ਮੱਧ ਸਪਤਕ ਦਾ 'ਸਾ' ਆਖਦੇ ਹਨ। ਸਾਡੇ ਖਿਆਲ ਮੁਤਾਬਕ ਲੜਕਿਆਂ ਜਾਂ ਮਰਦਾਂ ਨੂੰ ਉੱਪਰ ਵਾਲਾ 'ਸੁਰ' ਜਿਸ ਨੂੰ ਪਹਿਲਾ ਕਾਲਾ ਸੁਰ ਵੀ ਕਹਿੰਦੇ ਹਨ, 'ਸਾ' ਮੰਨਣਾ ਚਾਹੀਦਾ ਹੈ। ਸਿੱਖਣ ਵਾਲੀਆਂ ਲੜਕੀਆਂ ਜਾਂ ਔਰਤਾਂ ਨੂੰ ਉੱਪਰਲੇ ਸੁਰ ਦਾ ਚੌਥਾ ਜਾਂ ਪੰਜਵਾਂ ਕਾਲਾਸੁਰ 'ਸਾ' ਰੱਖਣਾ ਚਾਹੀਦਾ ਹੈ। ਫੇਰ ਵੀ ਆਵਾਜ਼ ਨੂੰ ਦੇਖ ਲੈਣਾ ਚੰਗਾ ਹੁੰਦਾ ਹੈ ਕਿਉਂਕਿ ਕਈਆਂ ਦੀ ਆਵਾਜ਼ ਮੋਟੀ ਅਤੇ ਕਈਆਂ ਦੀ ਪਤਲੀ ਹੁੰਦੀ ਹੈ।

ਇਸ ਤਰ੍ਹਾਂ ਤੁਸੀਂ ਜਿਸ ਸੁਰ ਨੂੰ 'ਸਾ' ਮੰਨ ਲਿਆ ਉਸ ਹਿਸਾਬ ਨਾਲ 'ਸਾ' ਸੁਰ ਨੂੰ ਪਹਿਲਾਂ ਸੁਰ ਮੰਨ ਕੇ ਦੂਜੇ ਸੁਰ ਤੇ ਕੋਮਲ 'ਰੁ', ਤੀਜੇ ਸੁਰ ਤੇ ਸ਼ੁੱਧ 'ਰੇ' ਚੌਥੇ ਤੇ ਕੋਮਲ 'ਗੁ' ਪੰਜਵੇਂ ਤੇ ਸ਼ੁੱਧ 'ਗ' ਛੇਵੇਂ ਤੇ ਸ਼ੁੱਧ 'ਮ' ਸਤਵੇਂ ਤੇ ਤੀਵਰ 'ਮੇ' ਅੱਠਵੇਂ ਤੇ 'ਪ' ਨੌਵੇਂ ਤੇ ਕੋਮਲ 'ਧੁ' ਦਸਵੇਂ ਤੇ ਸ਼ੁੱਧ 'ਧ' ਗਿਆਰਵੇਂ ਤੇ ਕੋਮਲ 'ਨੁੀ' ਬਾਹਰਵੇਂ ਤੇ ਸ਼ੁੱਧ 'ਨੀ' ਅਤੇ ਤੇਹਰਵੇਂ ਸੁਰ ਤੇ ਫੇਰ 'ਸਾ' ਆਵੇਗਾ ਜੋ ਕਿ ਤਾਰ ਸਪਤਕ ਦਾ 'ਸਾ' ਸੁਰ ਹੋ ਜਾਵੇਗਾ।

# राग श्री

डा० जागीर सिंह

भारतीय संगीत में श्री राग प्रमुख रागों में से एक है। श्री गुरू ग्रन्थ साहिब में संकलित राग-बद्ध बाणी के क्रम में यह पहला राग है, परन्तु राग माला के मुख्य (पिता) रागों में इसका स्थान पांचवां है।

आजकल इसको पूर्वी अंगानुसार गाने का रिवाज है। कहा जाता है कि प्राचीन समय में श्री राग काफी अंग में गाया जाता था। दक्षिण भारतीय कुछ विद्वान अब भी श्री राग को काफी अंग में ही रखते हैं। इसके पूर्वी अंग में रे, धा कोमल, मध्यम, तीव्र और शेष सुर शुद्ध लगते हैं। इसकी आरोही में मे और धा वर्जित किया जाता है और अवरोही सम्पूर्ण गाई जाती है।

यह गम्भीर प्रकृति का राग है। इस राग के बारे में गुरू अमरदास जी का कथन है :

रागां विचि स्री रागु है जे सचि धरे पियारु,
सदा हरि सचु मनि वसै निहचल मति अपारु।

गुरु ग्रन्थ साहिब में इस राग के अधीन श्री गुरु नानक देव जी, श्री गुरु अंगद देव जी, श्री गुरु राम दास जी और श्री गुरु अर्जुन देव जी की बाणी संकलित है। भक्त कवियों में जिन भक्तों की बाणी इस राग में संकलित है उनके नाम हैं-भक्त कबीर जी, भक्त त्रिलोचन जी, भक्त रविदास जी और भक्त बेणी जी।

इस राग की बाणी को पदों, अष्टपदों, छंतों, वारों और श्लोकों का रूप प्रदान किया गया है। पद्य काव्य रूप की रचना भी इस राग में उपलब्ध हैं।

श्री राग के सुरों और इस राग अधीन संकलित बाणी के भाव-मंडल का अध्ययन करना भी रोचक है। श्री राग की बाणी में प्रमुख भाव माया की शक्ति का वर्णन करके उसकी व्यर्थता को पेश करना है। इस राग के प्रथम पद (मोती त मंदर) में जिन बिम्बों का प्रयोग किया गया है उनसे पता चलता है कि मनुष्य यद्यपि किसी भी क्षेत्र में मायिक संसार की कैसी भी उच्चतम प्राप्ति कर ले तथापि वह अध्यात्मिक संसार की प्राप्ति के सम्मुख नगण्य है। मोती, रतन, हीरे, लाल, कस्तूरी, अगर, चंदन, मोहिणी स्त्री, जड़ाउ पलंग, रिद्धियों सिद्धियों के धारक और प्रत्यक्ष, अप्रत्यक्ष शक्तियों का सिद्ध और लश्करधारी सुल्तान ये सब मायिक संसार की प्राप्तियां हैं। परन्तु इसके साथ ही इनका खंडन करके 'नाम' का दान मांगा गया है। इस राग की अन्य बाणी में भी ऐसे भाव उपलब्ध हैं :-

रसु सुइना रसु रूपा कामणि रसु परमल की वासु
रसु घोड़े रसु सेजा मंदर रसु मीठा रस मासु
एते रस सरीर के कै घटि नाम निवासु

चंदनु मोलु अणाइया कुंगू मांग सिंदूरू
चोआ चंदनु बहुघणा पाना नालि कपूर
जे धनु कंति न भावई त सभ अडम्बरि कूड़

जे लख स्त्रियां भोग करहि नवखंड राज कमाहि
बिन सतगुर सुख न पावही फिरि फिरि जोनी पाहि।

इसी प्रकार अनेक स्थानों पर महल, किले, घोड़े, हाथी, लश्कर, राज्य, जागीर, छत्रधारी साम्राज्यता और सोना, रूप, धन-दौलत आदि का खंडन करते हुए प्रभु मार्ग का जीवन जीने की प्रेरणा दी गई है। इस राग की बाणी में प्रमुख रूप से माया की अग्नि से बचकर शब्द के निर्मल ज्ञान में विचरने का आदेश दिया गया है।

इसी प्रकार इस बाणी में त्याग का भाव छाया रहता है। त्याग के इन भावों को प्रदर्शित करने के लिए श्री राग अत्यन्त उपयुक्त राग है। इसकी सुरबद्धता का अध्ययन किया जाये तो यह तथ्य और भी स्पष्ट हो जाता है। इस राग में ऋषभ और धैवत कोमल रूप में प्रयुक्त किये जाते हैं। संगीत शास्त्रों में बताया जाता है कि जिन रागों में ये सुर प्रयुक्त हों वे शांत और करुण भावों को प्रकट करने के लिए बहुत ही उपयुक्त राग होते हैं। अनेक विद्वानों के मतानुसार श्री राग को ज्येष्ठ-आषाढ़ और माघ-फागुन के मासों में तपस्वी जन वनों में गाते हैं।

इस राग की बाणी में कहीं कहीं शृंगारिक भावों की झलक भी दिखाई देती है, परन्तु इसमें भी वियोग प्रधान है, जैसे :-

निस अंधियारी सूतीये क्यों पिर बिनु रैणि विहाइ
अंक जलउ तन जालीअउ मनु तनु जलि बलि जाइ
जा धन कंत न रावियां ता बिरथा जोबन जाइ

यह भाव भी श्री राग में प्रदर्शित किए जा सकते हैं, क्योंकि इस राग में तीव्र मध्यम शृंगारिक भावों का सूचक है। सम्पूर्ण रूप में क्योंकि कोमल ऋषभ और कोमल धैवत का प्रभाव अधिक है इसलिए इसकी प्रकृति शांत और करुण बनी रहती है।

सामान्य कीर्तनकार इस राग का गायन कम करते हैं। आकाशवाणी जालन्धर से रविवार रात को 10 बजे शास्त्री कीर्तन के कार्यक्रम में एक दो शब्द सुनने को मिल जाते हैं।

—★—

**Thaughts on**

# Gurbani Kirtan

Ample information has been provided by Bhai Gurdas Ji on the traditions of worship at the Gurdwaras, established by Guru Nanak Sahib, and the style in which Gur-Bani Kirtan was iniciated by him as stated by the Bhai ji :

"Sadh Sangat mil gaanvde,
Sat-Gur (Nanak) Sabad anaahad waayaa."

Serial No. 87, Page -38

"Holy Assembiy was initated by,
Guru Nanak in performing Kirtan."

After Bhai Mardana ji, the tradition was continued by his son, named. Shehzada, by Guru Nanak Sahib, whose performances, Bhai Gurdas ji might have heard. Mardana Gharana of Rababies had by then been well established. Asa-di-Var was generally performed at "Amrit Vela" (dewy morning) by the Rababies or other selected devotees who had been trained by the Rababies. The Rababies were from liberal Muslim denomination and had full faith in the teachings of the Gurus. Singing Shabads was generally performed by the holy congregation in unison, in Plain- Song style.

The Fifth Guru, Arjan Sahib, formally, established the class of Ragies. He himself used to play the Sarinda. It was either his own invention, or a modification of a similar instrument of Persia. It is similar to a Violin, except that its back is rounded, while the violin has a flat back. Recent research has proved that Amir Khusro did not invent the Tabla. According to Dr. R. Stewar of U.S.A. who travelled all over India, to write a thesis on the Drums of India, during 1969-70, the two- sided Drum was first split in two pieces in the Darbar of Guru Arjan Sahib. Hence the Guru Sahib named the ensemble thus evolved, a "Jodi," literally, a pair. Later, the secular Muslim singers began to call it "Tabla," which is an Arabic word, meaning just a Drum. It is noteworthy that the traditional Sikh Ragies frown on hearing it called "Tabla."

The Shabads or hymns composed by Guru Nanak Sahib and four succeeding Gurus, cover a period of one century (1500-1600) These

are incorporated in the holy Book of the Sikhs known as Guru Granth Sahib. In all, thirty-one Ragas have been used. Besides, there are some Shabads in folk tunes based on the same Ragas. We find ample guidance given by the Gurus in their Shabads, to ensure that singing of the holy text should be condusive to creating an atmosphere of spiritual serenity. The following few quotations from Guru Granth Sahib, would suffice :

"Sabhnaa Raagaan vich so bhalaa bhaai,
jit vasyaa man aaey."

"Of all the ragas, brother, that one is the best.
through which the mind gets attuned to God."

Guru Ram Das Sahib (Page 1423)

But the holy Word and not the music, as such, should predominate :

"As the deer is enraptured by the strains of music,
so is the devotee enchanted by the sound of the Name."

Guru Arjan Sahib (Page 914)

As to the style of performance of Shabad Kirtan :

"Japiay sahaj dhuni haan."

"O yes, repeat His praises in reposeful tunes."

Guru Arjan Sahib, (Page 409)

The class of traditional Ragies, (initiated by Guru Arjan Sahib) who sing Shabads according to the Ragas of Guru Granth Sahib, meticulously adhere to these instructions which has given wide currency to the saying in the Punjab :

"Tikwaan te badi khich waalaa Shabad Kirtan hai."
"The singing of Shabads is reposeful,
and exercises great mental pull, (towards God)."

We find repeated advice in Guru Granth Sahib to the effect that the Shabads should be sung with "natural ease," and "natural grace," thus implying that decorative devices should be sparingly used. Khushwant Singh in his work, "A History of the Sikhs" Clarendon Press; Oxford states :

"The instructions to the singers were to avoid the exposition of the intricacies of Ragas, but to sing the Shabads in such a way, that

the meaning of the Words was easily and gently conveyed to the listeners."

Max Arthur Macaliffe has stated in his moumental work, "The Sikh Religion," that Guru Amar Dass Sahib selected Ram Das Sahib to be next in the line of the Gurus, primarily because of his excellence in devotional singing. His style of singing is defined by Guru Arjan Sahib in the following verse taken from his string of letters in Raga Majh, as in Guru Granth Sahib, Page 96 :

"Feraa mukh suhaawaa jio, Sahaj dhun bani."
"Your appearance is immaculate, and
you singh Shabads in tranquil tones."

A religion is liable to lose its bearings if its traditions are not strictly maintained. We have to be wary of modern trends, also of misconceptions of the earliest times. For example, medicine and music were felt as miracles. Guru Nanak Sahib went further and said :

"All the Ragas are alike to us."

As stated in Gyan Ratnawali, by Bhai Mani Singh ji. It is the treatment imparted by a musician to his singing, that can go well with the words, which counts. If he sings a Shabad at a fast speed, it quickens our heart-beats, causing excitement. It follows as a corollary, that if he sings at a slow speed it imparts a feeling of repose. Hence any Raga can be manipulated to produce any sound effect. It is, therefore, of vital importance that the Shiromani Gurudwara Prabandhak Committee (S.G. P. C for short) insist upon the Ragies employed by them to adhere to tranquil tones, in their preformances. "Whoever pays the piper calls the tune"

Another problem created by modernism is in the use of supporting instruments. As we cannot get rid of the Harmonium, the next best thing we can do is to use only one Harmonium, one Sarinda, adding fourth string and cover the top completely, and using only one Jodi. Since all wind blown instruments compete with the voice, the Harmonium should be softly (gently) played and the Violin type Sarinda should be played a little more loudly. Flute type instruments, though excellent when played in solo or as a part of an orchestra, do not merge with the voice. The Media should be advised to use only Sikh traditional instruments. They should employ only such other singers who

have received sufficient training from traditional Ragies, and are approved by the S. G. P. C. No singer of Gur-Bani should be premitted to do his own experiments with the distinct Style set by the Gurus, which has been passed on to us, by generations of Ragies.

(To be Concluded)

---

**Objects of the Amrit Kirtan Trust :**

1. To provide financial aid to one or more educational, social, welfare institutions, health centres, homes for the poor and the destitute in any part of the Indian Republic or abroad.
2. To help the poor and deserving, regardless of their religion, caste and creed.
3. To award stipends, scholarships or any other form of financial assistance to the needy & deserving, preference being given to the destitute children and orphens.
4. To help young men & women in imbibing their rich religious and cultural heritage by prompting and organising Shabad Gayan competitions, essay-writing competitions, Debates, Elocution competitions, etc.
5. To start and maintain institutions of general welfare or educational in nature and to eradicate social evils through publicity, Lectures, display of relevant films and publication of pamphlets.
6. To publish books, magazines and other literature, for children in particular and the public in general, to inculcate in them the finest values of good citizenship and to build up their highmoral character.
7. To establish libraries for the benefit of the public.
8. That the benefits accruing from the objects of the Trust shall not be restricted or confined to members of any particular community, caste, creed, religion or faith.
9. To utilise the Trust for advancement of any other object of general public utility.
10. That surplus generated by any activity of the Trust shall be used wholly for one of the objects of the trust as specified above, whether in the year of generation or be accumalated, to be used for charitable purposes in any subsequent year.

# ਭਾਈ ਸੰਤਾ ਸਿੰਘ ਰਾਗੀ

ਜਮਨਾ ਨਗਰ ਵਾਲੇ



ਭਾਈ ਸੰਤਾ ਸਿੰਘ ਜੀ ਜਿੱਥੇ ਗੁਰਬਾਣੀ ਦਾ ਟਕਸਾਲੀ ਕੀਰਤਨ ਕਰਦੇ ਸਨ ਉੱਥੇ ਕਲਾਕਾਰ ਕਾਰੀਗਰ ਵੀ ਸਨ। ਉਹਨਾਂ ਦੀਆਂ ਉਸਾਰੀਆਂ ਇਮਾਰਤਾਂ ਅਤੇ ਉਹਨਾਂ ਉੱਤੇ ਕੀਤੀ ਮੀਨਾਕਾਰੀ ਉਹਨਾਂ ਦੀ ਬਹੁ-ਪੱਖੀ ਸ਼ਖਸੀਅਤ ਦੀ ਸਾਖੀ ਭਰਦੀ ਹੈ।

ਪਿਛਲੇ ਦਿਨ ਮਿਤੀ 17 ਅਪ੍ਰੈਲ ਨੂੰ ਉਹ ਅਕਾਲ ਚਲਾਣਾ ਕਰ ਗਏ ਉਨ੍ਹਾਂ ਦੇ ਘਰ ਜਾ ਕੇ ਉਹਨਾਂ ਬਾਰੇ ਹੋਰ ਜਾਣਕਾਰੀ ਹਾਸਲ ਕੀਤੀ ਤਾਂ ਭਾਈ ਸਾਹਿਬ ਪ੍ਰਤੀ ਹੋਰ ਵੀ ਪਿਆਰ ਸਤਿਕਾਰ ਪੈਦਾ ਹੋ ਗਿਆ।

ਗੁਰਬਾਣੀ ਦਾ ਮਿੱਠਾ ਕੀਰਤਨ ਕਰਨ ਵਾਲੇ ਭਾਈ ਸੰਤਾ ਸਿੰਘ ਜੀ ਦਾ ਜਨਮ ਪਿੰਡ ਗੁਲਾਲੀਪੁਰ ਤਹਿਸੀਲ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ ਇਹਨਾਂ ਦੇ ਪਿਤਾ ਜੀ ਨੂੰ ਗੁਰਬਾਣੀ ਕੀਰਤਨ ਦਾ ਬਹੁਤ ਸ਼ੌਕ ਸੀ। ਉਹਨਾਂ ਨੇ ਆਪਣੇ ਸਪੁੱਤਰ ਨੂੰ ਕੀਰਤਨ ਸਿੱਖਣ ਦੀ ਪ੍ਰੇਰਣਾ ਦਿੱਤੀ। ਭਾਈ ਸਾਹਿਬ ਦੀ ਆਵਾਜ਼ ਤਾਂ ਸੁਰੀਲੀ ਹੈ ਹੀ ਸੀ ਇਸ ਕਰਕੇ ਬਹੁਤ ਸਾਰੇ ਉਸਤਾਦਾਂ ਨੇ ਆਪ ਨੂੰ ਪਿਆਰ ਨਾਲ ਕੀਰਤਨ ਸਿੱਖਣ ਵਿੱਚ ਮਦਦ ਕੀਤੀ।

ਆਪ ਨੇ ਭਾਈ ਬੁੱਧ ਸਿੰਘ ਤਾਨ, ਗਿਆਨੀ ਗਿਆਨ ਸਿੰਘ ਅਲਮਸਤ, ਭਾਈ ਗੁਰਮੁਖ ਫੱਕਰ ਆਦਿ ਰਾਗੀਆਂ ਤੋਂ ਕੀਰਤਨ ਸਿੱਖਿਆ ਹਾਸਲ ਕੀਤੀ। ਇਸ ਦੇ ਨਾਲ ਨਾਲ ਆਪ ਨੂੰ ਕੁਹਾੜ ਕੇ ਦੇ ਉਸਤਾਦ ਨਵਾਬ ਦੀਨ ਸੁੱਧਾ, ਪੰਡਤ ਨੱਥੂ ਰਾਮ ਤਰਨ ਤਾਰਨ ਵਾਲੇ, ਖਾਂ ਸਾਹਿਬ ਤੱਵਕੁਲ ਹੁਸੈਨ ਖਾਂ ਜਾਡਲੇ ਵਾਲੇ, ਮਸਕੀਨ ਅਲੀ ਆਦਿ ਪਾਸੋਂ ਤਾਲੀਮ ਹਾਸਲ ਕਰਨ ਦਾ ਮੌਕਾ ਵੀ ਮਿਲਿਆ।

ਕੁਝ ਸਮਾਂ ਆਪ ਨੇ ਸੰਤ ਸੁਜਾਨ ਸਿੰਘ ਜੀ ਨਾਲ ਕੀਰਤਨ ਵਿੱਚ ਸੰਗਤ ਕੀਤੀ। ਆਪ ਉਨ੍ਹਾਂ ਨਾਲ ਦਿਲਰੁਬਾ ਵਜਾਉਂਦੇ ਸਨ ਆਪ ਨੂੰ ਭਾਈ ਚਾਂਦ ਭਾਈ ਸੱਦੂਖਾਂ, ਭਾਈ ਲਾਲ, ਭਾਈ ਤਾਬਾ, ਭਾਈ ਮੌਲਾ ਬਖਸ਼, ਭਾਈ ਮੱਤੂ ਖਾਂ ਆਦਿ ਰਬਾਬੀ ਕੀਰਤਨੀਆਂ ਦਾ ਕੀਰਤਨ ਸੁਣਨ ਦਾ ਸ਼ੌਕ ਸੀ। ਆਪ ਇਹਨਾਂ ਦੇ ਕੀਰਤਨ ਤੋਂ ਇਤਨੇ ਪ੍ਰਭਾਵਿਤ ਸਨ ਆਪਣੇ-2 ਕੀਰਤਨ ਨੂੰ ਵੀ ਉਹਨਾਂ ਦੀ

ਸ਼ੈਲੀ ਵਿੱਚ ਢਾਲਣ ਦੀ ਕੋਸ਼ਿਸ਼ ਕੀਤੀ। ਆਪ ਆਪਣੇ ਕੀਰਤਨ ਵਿੱਚ ਯਥਾਯੋਗ ਰਾਗਦਾਰੀ ਦੇ ਨਾਲ ਢੁਕਵੇਂ ਪ੍ਰਮਾਣ ਦਿੰਦੇ ਅਤੇ ਵਿਆਖਿਆ ਵੀ ਕਰਦੇ ਸਨ। ਗੁਰਬਾਣੀ ਦੇ ਅਰਥਾਂ ਲਈ ਆਪ ਨੇ ਸੰਤ ਅਮੀਰ ਸਿੰਘ ਜੀ ਸੱਤੋ ਵਾਲੀ ਗਲੀ, ਸੰਤ ਨਿਹਚਲ ਸਿੰਘ ਜੀ ਅਤੇ ਸੰਤ ਗਰੀਬ ਸਿੰਘ ਜੀ ਦੀ ਅਗਵਾਈ ਹਾਸਲ ਕੀਤੀ।

ਆਪ ਨੇ ਸਿੱਖ ਧਰਮ ਗ੍ਰੰਥ ਦੇ ਨਾਲ ਨਾਲ ਗੀਤਾ ਅਤੇ ਕੁਰਾਨ ਨੂੰ ਵੀ ਵਾਚਿਆ ਸੀ। ਜਦੋਂ ਵਿਆਖਿਆ ਕਰਨ ਵੇਲੇ ਆਪ ਸਿੱਖ ਧਰਮ ਦਾ ਬਾਕੀ ਧਰਮਾਂ ਨਾਲ ਤੁਲਨਾਤਮਕ ਅਧਿਐਨ ਪੇਸ਼ ਕਰਦੇ ਤਾਂ ਸਰੋਤੇ ਬਹੁਤ ਪ੍ਰਭਾਵਿਤ ਹੁੰਦੇ ਸਨ।

ਆਪ ਹਾਰਮੋਨੀਅਮ ਦੇ ਨਾਲ ਨਾਲ ਵਾਇਲਨ ਦਿਲਰੁਬਾ, ਬੈਂਜੋ, ਤਾਨਪੁਰਾ ਆਦਿ ਸਾਜ਼ਾਂ ਨਾਲ ਕੀਰਤਨ ਕਰਨ ਦਾ ਸ਼ੌਕ ਵੀ ਰੱਖਦੇ ਸਨ।

ਆਪ ਨੇ ਪੰਜਾਬ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸ੍ਰੀ ਤਰਨ ਤਾਰਨ ਸਾਹਿਬ ਵਿੱਚ ਕੀਰਤਨ ਦੀ ਸੇਵਾ ਕਰਨ ਦੇ ਨਾਲ ਨਾਲ ਪੰਜਾਬ ਤੋਂ ਬਾਹਰ ਗੁ: ਸੀਸ ਗੰਜ ਦਿੱਲੀ, ਗੁ: ਪਾਉਂਟਾ ਸਾਹਿਬ, ਗੁ: ਤਪ ਅਸਥਾਨ ਪਾਤਸ਼ਾਹੀ ਨੌਵੀਂ ਇਲਾਹਾਬਾਦ ਵੀ ਕੀਰਤਨ ਦੀ ਸੇਵਾ ਕੀਤੀ

ਕੀਰਤਨ ਕਰਨ ਹਿਤ ਆਪ ਨੇ ਵਿਦੇਸ਼ਾਂ ਦੀ ਯਾਤਰਾ ਵੀ ਕੀਤੀ। ਕੀਨੀਆ, ਮਲੇਸ਼ੀਆ, ਸਿੰਘਾਪੁਰ ਤੇ ਅਫਗਾਨਿਸਤਾਨ ਦੀਆਂ ਸੰਗਤਾਂ ਨੂੰ ਕੀਰਤਨ ਸੁਣਾ ਕੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਭਾਈ ਸਾਹਿਬ ਪੰਜ ਸਾਲ ਫੌਜ ਵਿੱਚ ਵੀ ਰਹੇ। ਦੂਜੀ ਸੰਸਾਰ ਜੰਗ ਵਿੱਚ ਆਪ ਜਾਪਾਨ ਦੇ ਨਾਲ ਹੋਈ ਲੜਾਈ ਵਿੱਚ ਬਰਮਾ ਵਿਖੇ ਸ਼ਾਮਲ ਸਨ।

ਭਾਈ ਸਾਹਿਬ ਦੇ ਜੀਵਨ ਦਾ ਇੱਕ ਹੋਰ ਮਹੱਤਵਪੂਰਨ ਪੱਖ ਸੀ ਕਿ ਆਪ ਕੀਰਤਨ ਭੇਟਾ ਉਤੇ ਹੀ ਨਿਰਭਰ ਨਹੀਂ ਸੀ ਰਹਿੰਦੇ। ਆਪ ਇੱਕ ਕੁਸ਼ਲ ਕਾਰੀਗਰ ਸਨ। ਆਪ ਸੰਤ ਬਾਬਾ ਖੜਕ ਸਿੰਘ ਕਾਰ ਸੇਵਾ ਵਾਲਿਆਂ ਦੀ ਸੰਗਤ ਵਿੱਚ ਵੀ ਰਹੇ। ਆਪ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਘੰਟਾ ਘਰ ਦੇ ਗੁੰਬਜ ਦੀਆਂ ਪੱਤੀਆਂ ਆਦਿ ਚਿਤਰੀਆਂ। ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ਇੱਕ ਗੁੰਬਜ਼ ਵੀ ਇਹਨਾਂ ਨੇ ਤਿਆਰ ਕੀਤਾ। ਗੁਰਦੁਆਰਾ ਤਰਨਤਾਰਨ ਸਾਹਿਬ ਵਿੱਚ ਵੀ ਆਪ ਕਾਰੀਗਰ ਦੇ ਤੌਰ ਤੇ ਸੇਵਾ ਕਰਦੇ ਰਹੇ। ਆਪ ਨੇ ਜਮਨਾ ਨਗਰ ਵਿਖੇ ਡੇਰਾ ਸੰਤ ਪੁਰੇ ਦੇ ਗੁਰਦੁਆਰਾ ਸਾਹਿਬ ਵਿੱਚ ਸਜਾਵਟੀ ਕੰਮ ਕੀਤਾ। ਜਿਨ੍ਹਾਂ ਨੇ ਆਪ ਦੀਆਂ ਇਹਨਾਂ ਕਲਾ ਕਿਰਤਾਂ ਨੂੰ ਵੇਖਿਆ ਹੈ ਉਹ ਦਸਦੇ ਹਨ ਕਿ ਇਹ ਉੱਤਮ ਕਲਾ ਦੇ ਨਮੂਨੇ ਹਨ।

ਆਪ ਨੇ ਆਪਣੇ ਸਪੁੱਤਰਾਂ ਨੂੰ ਵੀ ਇਹ ਸੁੱਚੀ ਕਿਰਤ ਅਤੇ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ। ਜਿੱਥੇ ਸਪੁੱਤਰ ਹਰਬੰਸ ਸਿੰਘ ਚੰਗੇ ਉਸਰੱਈਏ ਹਨ ਉੱਥੇ ਬਲਬੀਰ ਸਿੰਘ, ਦਰਸ਼ਨ ਸਿੰਘ ਅਤੇ ਹਰਵਿੰਦਰ ਸਿੰਘ ਚੰਗੇ ਕੀਰਤਨੀਏ ਹਨ। ਦਰਸ਼ਨ ਸਿੰਘ ਹੋਰਾ ਤਬਲੇ ਦੀ ਐਮ: ਏ। ਕੀਤੀ ਹੋਈ ਹੈ ਅਤੇ ਡੇਰਾ ਬਸੀ ਸਰਕਾਰੀ ਕਾਲਜ ਵਿੱਚ ਸੇਵਾ ਕਰ ਰਹੇ ਹਨ। ਹਰਵਿੰਦਰ ਸਿੰਘ ਨੇ ਸੰਗੀਤ ਗਾਇਨ ਦੀ ਅਮ. ਏ, ਕਰਕੇ ਸਰਕਾਰੀ ਕਾਲਜ ਚੰਡੀਗੜ੍ਹ ਵਿਖੇ ਸੇਵਾ ਸੰਭਾਲੀ ਹੈ! ਇਹਨਾਂ ਤੋਂ ਭਾਈ ਸਤਾ ਸਿੰਘ ਦੀ ਕੀਰਤਨ ਸ਼ੈਲੀ ਨੂੰ ਹੋਰ ਵਿਕਸਤ ਕਰਨ ਦੀਆਂ ਭਰਪੂਰ ਆਸਾਂ ਹਨ।

**ਡਾ. ਜਾਗੀਰ ਸਿੰਘ**

## ਤੁਹਾਡੇ ਪੱਤਰ

**1.** ਮੈਨੂੰ ਇਹ ਜਾਣ ਕੇ ਬੜੀ ਪ੍ਰਸੰਨਤਾ ਹੋਈ ਹੈ ਕਿ 'ਅੰਮ੍ਰਿਤ ਕੀਰਤਨ' ਟਰਸੱਟ ਵੱਲੋਂ ਗੁਰਮਤਿ ਸੰਗੀਤ ਨੂੰ ਹਰਮਨ ਪਿਆਰਾ ਬਣਾਉਣ ਲਈ ਮਾਸਿਕ ਪੱਤਰ 'ਅੰਮ੍ਰਿਤ ਕੀਰਤਨ' ਆਰੰਭ ਕੀਤਾ ਜਾ ਰਿਹਾ ਹੈ। ਤੁਹਾਡੇ ਜਿਹੇ ਪ੍ਰਤਿਭਾਸ਼ਾਲੀ ਅਤੇ ਸੇਵਾ ਭਾਵ ਵਾਲੇ ਗੁਰਮੁਖ ਵਿਅਕਤੀ ਦੀ ਅਗਵਾਈ ਹੇਠ ਇਹ ਉੱਦਮ ਬਹੁਤ ਹੀ ਸ਼ਲਾਘਾਯੋਗ ਹੈ।

ਕਲਯੁਗ ਵਿੱਚ ਕੀਰਤਨ ਹੀ ਪ੍ਰਧਾਨ ਹੈ। ਸਤਿਗੁਰੂ ਜੀ ਨੇ ਵੀ 'ਭਲੋ ਭਲੋ ਰੇ ਕੀਰਤਨੀਆ' ਆਖਿਆ ਹੈ। ਗੁਰਬਾਣੀ ਦਾ ਪ੍ਰਚਾਰ ਗੁਰਮਤਿ ਸੰਗੀਤ ਪਰੰਪਰਾ ਨੂੰ ਕਾਇਮ ਰੱਖ ਕੇ ਹੀ ਕੀਤਾ ਜਾ ਸਕਦਾ ਹੈ। ਮੈਨੂੰ ਪੂਰਨ ਆਸ ਹੈ ਕਿ 'ਅੰਮ੍ਰਿਤ ਕੀਰਤਨ' ਦੁਆਰਾ ਤੁਸੀਂ ਜਿੱਥੇ ਕੀਰਤਨ ਦੀ ਵਡਿਆਈ ਨੂੰ ਉਜਾਗਰ ਕਰੋਗੇ ਉੱਥੇ ਨਵੀਂ ਪੀੜ੍ਹੀ ਵਿੱਚ ਇਸ ਦਾ ਸ਼ੌਕ ਅਤੇ ਇਸ ਵਿੱਚ ਮੁਹਾਰਤ ਹਾਸਲ ਕਰਨ ਦੀ ਪ੍ਰੇਰਨਾ ਦਿਓਗੇ।

**ਡਾ. ਇੰਦਰਪਾਲ ਸਿੰਘ**
ਡਾਇਰੈਕਟਰ ਸੀਨੀਅਰ ਸੈਕੰਡਰੀ ਸਿੱਖਿਆ
ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ।

**2.** ਤੁਸੀਂ ਅੰਮ੍ਰਿਤ ਕੀਰਤਨ ਦੀ ਬਰਖਾ ਕਰਨ ਜਾ ਰਹੇ ਹੋ, ਸ਼ਾਲਾ ! ਇਹ ਸੰਸਾਰ ਕੀਰਤਨ ਦੀ ਛਹਿਬਰ ਸਦਕਾ ਸਰਸ਼ਾਰ ਹੋਵੇ। ਸਾਡੀਆਂ ਸ਼ੁਭਕਾਮਨਾਵਾਂ ਤੁਹਾਡੇ ਸੰਗ ਹਨ, ਹਮੇਸ਼ਾ ਹਮੇਸ਼ਾ। ਜੋ ਵੀ ਸਹਿਯੋਗ ਹੋ ਸਕਿਆ ਦਾਸ ਹਾਜ਼ਿਰ ਹੈ।

**ਪ੍ਰੋ. ਹਰਜੀਤ ਸਿੰਘ**
ਗੁਰੂ ਨਾਨਕ ਖਾਲਸਾ ਕਾਲਜ, ਸ੍ਰੀ ਗੰਗਾ ਨਗਰ (ਰਾਜਿਸਥਾਨ)

**3.** ਸੱਚ ਜਾਣਨਾ ਮਨ ਵਿੱਚ ਬੜੀ ਹੀ ਖੁਸ਼ੀ ਹੋਈ ਆਪ ਜੀ ਦੇ ਇਸ ਸ਼ਲਾਘਾਯੋਗ ਉੱਦਮ 'ਤੇ।

**ਭਾਈ ਹਰਬੰਸ ਸਿੰਘ ਰਾਗੀ**
(ਜਗਾਧਰੀ ਵਾਲੇ)

**4.** ਗੁਰਮਤਿ ਸੰਗੀਤ ਨੂੰ ਹਰਮਨ ਪਿਆਰਾ ਅਤੇ ਘਰ ਘਰ ਪਹੁੰਚਾਣ ਦਾ ਤੁਹਾਡਾ ਜਤਨ ਸ਼ਲਾਘਾਯੋਗ ਹੈ।

**ਵਰਿਆਮ ਸਿੰਘ ਖੁਰਾਣਾ**
ਜਨਰਲ ਸਕੱਤਰ
ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ, ਲੁਧਿਆਣਾ।

ਅੰਮ੍ਰਿਤ ਕੀਰਤਨ ਵਿੱਚ ਕੀਰਤਨੀਆਂ ਦੀ ਜਾਣ-ਪਛਾਣ ਬਾਰੇ ਇੱਕ ਸਥਾਈ ਫੀਚਰ ਚਾਲੂ ਕਰਨ ਦਾ ਵਿਚਾਰ ਹੈ। ਹੇਠਾਂ ਦਿੱਤੀ ਗਈ ਪ੍ਰਸ਼ਨਾਵਲੀ ਵਿੱਚ ਮੰਗੀ ਸੂਚਨਾਂ ਇੱਕ ਵੱਖਰੇ ਕਾਗਜ਼ ਤੇ ਸੰਪਾਦਕ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।

## ਜੀਵਨ ਬਿਉਰਾ

1. ਨਾਂ 2. ਪਿਤਾ ਦਾ ਨਾਂ 3. ਜਨਮ ਮਿਤੀ 4. ਜਨਮ ਸਥਾਨ 5. ਪਿਤਾ ਦਾ ਕੰਮ-ਕਾਰ 6. ਕੀਰਤਨੀਏ ਦੀ ਵਿੱਦਿਅਕ ਯੋਗਤਾ 7. ਸਕੂਲ/ਕਾਲਜ ਦਾ ਨਾਂ

8. **ਕੀਰਤਨ ਸੰਬੰਧੀ ਯੋਗਤਾਵਾਂ :**
(ੳ) ਸੰਗੀਤ ਦਾ ਸ਼ੌਕ ਕਦੋਂ ਅਤੇ ਕਿਵੇਂ ਲੱਗਾ ? (ਅ) ਸੰਗੀਤ ਸਿੱਖਿਆ ਕਿੱਥੋਂ ਪ੍ਰਾਪਤ ਕੀਤੀ ? (ੲ) ਸੰਗੀਤ ਸਿੱਖਿਆ ਕਿਸ ਕੋਲੋਂ ਪ੍ਰਾਪਤ ਕੀਤੀ ? (ਸ) ਕਿੰਨੀ ਦੇਰ ਤੱਕ ਸੰਗੀਤ ਸਿੱਖਿਆ ਲਈ ? (ਹ) ਸਿੱਖਿਆ ਦੌਰਾਨ ਕੋਈ ਵਿਸ਼ੇਸ਼ ਪ੍ਰਾਪਤੀ ?

9. ਸੁਤੰਤਰ ਤੌਰ ਤੇ ਕੀਰਤਨ ਕਰਨਾ ਕਦੋਂ ਸ਼ੁਰੂ ਕੀਤਾ ?
10 ਇਸ ਤੋਂ ਪਹਿਲਾਂ ਕਿਸ ਰਾਗੀ ਜਥੇ ਵਿੱਚ ਸਹਾਇਕ ਰਾਗੀ ਵਜੋਂ ਕੀਰਤਨ ਕੀਤਾ ?
11 ਕੀਰਤਨੀਏ ਵਜੋਂ ਕਿੱਥੇ ਨੌਕਰੀ ਕੀਤੀ। ਪ੍ਰਾਪਤ ਹੋਏ ਪ੍ਰਸ਼ੰਸਾ ਪੱਤਰ ਅਤੇ ਵਿਸ਼ੇਸ਼ ਸਨਮਾਨ ?
12 ਕਿੰਨੀ ਦੇਰ ਤੋਂ ਸੁਤੰਤਰ ਤੌਰ ਤੇ ਆਪਣਾ ਜਥਾ ਹੈ। ਜਥੇ ਦੇ ਸਾਰੇ ਮੈਂਬਰਾਂ ਦੇ ਨਾਂ ਅਤੇ ਪ੍ਰਯੋਗ ਕੀਤੇ ਜਾਂਦੇ ਸਾਜ਼ਾਂ ਦਾ ਜ਼ਿਕਰ। ਜਥੇ ਦੀ ਫੋਟੋ ਵੀ ਭੇਜੀ ਜਾਵੇ।
13 ਸੁਤੰਤਰ ਰੂਪ ਵਿੱਚ ਕੀਰਤਨ ਕਰਦਿਆਂ ਪ੍ਰਾਪਤ ਸਨਮਾਨਾਂ ਦਾ ਵੇਰਵਾ।
14 ਕਿੰਨੇ ਸ਼ਬਦ ਜ਼ਬਾਨੀ ਯਾਦ ਹਨ ?
15 ਕਿਹੜੇ ਰਾਗਾਂ ਅਤੇ ਤਾਲਾਂ ਵਿੱਚ ਕੀਰਤਨ ਕਰ ਸਕਦੇ ਹੋ ?
16 ਕਿਹੜੀਆਂ ਕਿਹੜੀਆਂ ਵਾਰਾਂ ਦਾ ਗਾਇਨ ਕਰ ਸਕਦੇ ਹੋ ?
17 ਕੀ ਰੇਡੀਓ ਜਾਂ ਟੈਲੀਵੀਜ਼ਨ ਤੇ ਕੀਰਤਨੀਏ ਵਜੋਂ ਪ੍ਰਵਾਣਿਤ ਹੋ ? ਇਥੇ ਕਿੰਨੀ ਵਾਰ ਕੀਰਤਨ ਕਰਨ ਦਾ ਮੌਕਾ ਮਿਲਿਆ ਹੈ ?
18 ਕਿਹੜੇ ਕਿਹੜੇ ਵਿਸ਼ੇਸ਼ ਪ੍ਰੋਗਰਾਮਾਂ ਵਿੱਚ ਅਤੇ ਕਿੱਥੇ ਕਿੱਥੇ ਕੀਰਤਨ ਕੀਤਾ ਹੈ ?
19 ਕੀ ਵਿਦੇਸ਼ਾਂ ਵਿੱਚ ਕੀਰਤਨ ਕਰਨ ਗਏ ਹੋ ? ਜੇ ਗਏ ਹੋ, ਤਾਂ ਉਹਨਾਂ ਦੇਸ਼ਾਂ ਦੇ ਨਾਂ ਅਤੇ ਉਥੇ ਰਹਿਣ ਦਾ ਸਮਾਂ ਦੱਸੋ। ਉੱਥੋਂ ਪ੍ਰਾਪਤ ਹੋਇਆ ਕੋਈ ਪ੍ਰਸੰਸਾ ਪੱਤਰ ਅਤੇ ਸਨਮਾਨ।
20 ਤੁਹਾਡੇ ਗ੍ਰਾਮੋ-ਫੋਨ-ਰਿਕਾਰਡ/ਕੈਸਟ ਟੇਪਾਂ ਦੇ ਨੰਬਰ ਅਤੇ ਕੰਪਨੀ ਦਾ ਨਾਂ।
21 ਕੀਰਤਨ ਤੋਂ ਇਲਾਵਾ ਕੋਈ ਹੋਰ ਕ ਸ਼ੌ? ਇਸ ਵਿੱਚ ਕੋਈ ਪ੍ਰਾਪਤੀ।
22 ਤੁਹਾਡੇ ਵਲੋਂ ਦਿੱਤੀ ਗਈ ਕੀਰਤਨ ਸਿਖਲਾਈ ਦਾ ਵੇਰਵਾ।
23 ਕੀਰਤਨ ਨਾਲ ਸੰਬੰਧਤ ਤੁਹਾਡੇ ਜੀਵਨ ਦੀ ਕੋਈ ਵਰਨਣਯੋਗ ਘਟਨਾ ?
24 ਕੀਰਤਨ ਬਾਰੇ ਤੁਹਾਡੇ ਆਪਣੇ ਵਿਚਾਰ ਕੀ ਹਨ :
25 ਅਜਿਹੇ ਕੀਰਤਨੀਆਂ ਦੇ ਨਾਂ ਦੱਸੋ ਜਿਨ੍ਹਾਂ ਨੇ ਤੁਹਾਨੂੰ ਪ੍ਰਭਾਵਿਤ ਕੀਤਾ ਹੈ ?
26 ਕੋਈ ਹੋਰ ਵੇਰਵਾ ਜੋ ਤੁਸੀਂ ਦੇਣਾ ਚਾਹੁੰਦੇ ਹੋ ?
27 ਤੁਹਾਡੇ ਸੰਪਰਕ ਵਿੱਚ ਆਏ ਕੀਰਤਨੀਆਂ ਦੇ ਐਡਰੈਸ ?

**ਦਸਤਖਤ**

ਪੱਤਰ ਵਿਹਾਰ ਲਈ ਪਤਾ..................